ਕੈਨੇਡਾ ਦਰਪਣ

ਦਸੰਬਰ 16-31, 1984

December 16-31, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

DEC. 16 - 31, 1984
Vol. 3 No. 39

ਕੈਨੇਡਾ ਦਰਪਣ

ਕੀਮਤ 30¢ Out of Greater Vancouver Price 40¢
Second Class Mail
Reg. No. 5991

THE CANADA DARPAN
Punjabi Fortnightly Newspaper

MAILING ADDRESS :
P.O. BOX 67344 STN. 'O'
VANCOUVER, B.C. V5W 3T!
(604)321-6360

ਅਮਰੀਕਨ ਕੰਪਨੀ ਦੀ ਜ਼ਹਿਰ ਨੇ 2500 ਜਾਨਾਂ ਲੈ ਲਈਆਂ

ਭੂਪਾਲ - ਅਮਰੀਕਨ ਕੰਪਨੀ ਦੀ ਜ਼ਹਿਰ ਨੇ 2500 ਭਾਰਤੀਆਂ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ ਅਤੇ ਢਾਈ ਲੱਖ ਦੇ ਕਰੀਬ ਅੱਧ-ਮਰੀ ਹਾਲਤ ਵਿੱਚ ਹਨ। ਨੌਂ ਲੱਖ ਦੀ ਆਬਾਦੀ ਵਾਲੇ ਸ਼ਹਿਰ ਭੂਪਾਲ ਵਿੱਚ ਅਜੇ ਵੀ ਮੌਤ ਦਾ ਪਹਿਰਾ ਹੈ।

ਭੂਪਾਲ ਦੇ ਵਾਸੀ ਅੰਨ੍ਹੇ ਕਰਨ ਪਿੱਛੋਂ ਅਮਰੀਕਨ ਕੰਪਨੀ ਨੇ ਭੂਪਾਲ ਦਾ ਜ਼ਹਿਰ ਦਾ ਕਾਰਖਾਨਾ ਬੰਦ ਕਰਨ ਦਾ ਫੈਸਲਾ ਕੀਤਾ ਹੈ ਇਸੇ ਦੌਰਾਨ ਪੱਛਮੀ ਜਰਮਨੀ ਤੇ ਅਮਰੀਕਾ ਵਿੱਚ ਵਰਜੀਨੀਆ ਵਿੱਚ ਸਥਿਤ ਜ਼ਹਿਰ ਦੇ ਕਾਰਖਾਨੇ ਵੀ ਬੰਦ ਕਰ ਦਿੱਤੇ ਗਏ ਹਨ।

ਭੂਪਾਲ ਦੇ ਲੋਕ ਕੇਵਲ ਨੇਤਰਹੀਣ ਹੀ ਨਹੀਂ ਹੋਏ ਸਗੋਂ ਦਿਮਾਗੀ ਬੀਮਾਰੀਆਂ, ਔਰਤਾਂ ਦਾ ਬਾਂਝਪਨ, ਗੁਰਦਿਆਂ ਅਤੇ ਜਿਗਰ ਦੀਆਂ ਬੀਮਾਰੀਆਂ ਲੋਕਾਂ ਵਿੱਚ ਆਮ ਫੈਲਣ ਦਾ ਆਮ ਖਤਰਾ ਹੈ।

ਅਮਰੀਕਨ ਕੰਪਨੀ ਦਾ ਪ੍ਰਧਾਨ ਐਂਡਰਸਨ ਭਾਰਤ ਸਰਕਾਰ ਨੇ ਵਾਪਸ ਭੇਜ ਦਿੱਤਾ ਕਿਉਂਕਿ ਉਸ ਦੀ ਜਾਨ ਨੂੰ ਕਿਸੇ ਸਮੇਂ ਵੀ ਖਤਰਾ ਹੋ ਸਕਦਾ ਸੀ। ਉਹ ਮੌਕੇ ਦੀ ਸਥਿਤੀ ਦੇਖਣ ਭੂਪਾਲ ਗਿਆ ਸੀ ਜਿਥੇ ਉਸ ਨੂੰ ਛੇ ਘੰਟੇ ਨਜ਼ਰਬੰਦ ਰੱਖਿਆ ਗਿਆ।

ਮੱਧ ਪ੍ਰਦੇਸ਼ ਸਰਕਾਰ ਨੇ ਕੰਪਨੀ ਤੇ ਦੋਸ਼ ਲਾਇਆ ਹੈ ਕਿ ਉਸ ਪਾਸ ਸਬੂਤ ਹਨ ਕਿ ਅਮਰੀਕਨ ਕੰਪਨੀ ਨੇ ਸੇਫਟੀ ਰੂਲਾਂ ਦੀ ਉਲੰਘਣਾ ਕੀਤੀ ਜਿਸ ਕਾਰਨ ਇਹ ਦੁਖਾਂਤ ਵਾਪਰਿਆ। ਜ਼ਹਿਰ ਦੇ ਅਸਰ ਕਾਰਨ ਬਹੁਤ ਲੋਕਾਂ ਨੂੰ ਦੌਰੇ ਪੈ ਰਹੇ ਹਨ। ਭਾਰਤ ਵਿੱਚ ਵਾਪਰਿਆ ਇਸ ਪੱਧਰ ਦਾ ਇਹ ਸਭ ਤੋਂ ਵੱਡਾ ਕਹਿਰ ਹੈ।

ਅਮਰੀਕਨ ਕੰਪਨੀ ਦੇ ਇਸ ਵਿੱਚ 50.9 ਪ੍ਰਤੀਸ਼ਤ ਹਿੱਸੇ ਹਨ ਅਤੇ ਬਾਕੀ ਦੇ ਭਾਰਤ ਦੇ ਸਰਮਾਏਦਾਰਾਂ ਦੇ 49 ਪ੍ਰਤੀਸ਼ਤ ਹਿੱਸੇ ਹਨ।



ਆਸਟਰੇਲੀਆ ਵਿੱਚ ਬੰਬ ਧਮਾਕਿਆਂ ਦਾ ਖਦਸ਼ਾ

ਆਸਟਰੇਲੀਆ ਵਿੱਚ ਇਸੇ ਅਮਰੀਕਨ ਕੰਪਨੀ ਦਾ ਹੋਰ ਜ਼ਹਿਰੀਲੀ ਗੈਸੀਂ ਦਾ ਕਾਰਖਾਨਾ ਹੈ। ਉਸ ਦੇ ਅਧਿਕਾਰੀਆਂ ਨੂੰ ਧਮਕੀ ਮਿਲੀ ਹੈ ਕਿ ਜੇ ਕਾਰਖਾਨਾ ਬੰਦ ਨਾ ਕੀਤਾ ਗਿਆ ਤਾਂ ਬੰਬਾਂ ਨਾਲ ਉਡਾ ਦਿੱਤਾ ਜਾਵੇਗਾ। ਰੋਡਜ਼ ਅਤੇ ਰੋਸਬਰੀ ਵਿੱਚ ਵੀ ਅਜਹਿਆਂ ਧਮਕੀਆਂ ਦਿੱਤੀਆਂ ਗਈਆਂ ਹਨ।

ਜ਼ਹਿਰ ਬਣਾਉਣ ਵਾਲੀ ਅਮਰੀਕਨ ਕੰਪਨੀ ਯੂਨੀਅਨ ਕਾਰਬਾਈਡ ਉਤੇ ਕੇਸ ਤਿਆਰ ਕਰਨ ਵਾਲੇ ਵਕੀਲਾਂ ਦੀ ਇਕ ਟੋਲੀ ਭੂਪਾਲ ਪਹੁੰਚ ਗਈ ਹੈ। ਨੀਊਯਾਰਕ ਵਿੱਚ ਚਾਰ ਪਰਿਵਾਰਾਂ ਵੱਲੋਂ 20 ਬਿਲੀਅਨ ਡਾਲਰ ਦਾ ਇੱਕ ਕੇਸ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ ਦੋ ਪਰਿਵਾਰਾਂ ਦੇ ਵਿਅਕਤੀ ਜ਼ਹਿਰੀਲੀ ਗੈਸ ਕਾਰਨ ਮਾਰੇ ਗਏ ਸਨ ਅਤੇ ਦੋ ਪਰਿਵਾਰਾਂ ਦੇ ਵਿਅਕਤੀ ਜ਼ਖਮੀਂ ਹੋਏ ਹਨ।

'ਕੈਨੇਡਾ ਦਰਪਣ' 1 ਜਨਵਰੀ 1985 ਤੋਂ ਸਪਤਾਹਿਕ ਰੂਪ ਵਿੱਚ

'ਕੈਨੇਡਾ ਦਰਪਣ' ਦੇ ਪਾਠਕਾਂ ਨੂੰ ਇਹ ਪੜ੍ਹ ਕੇ ਖੁਸ਼ੀ ਹੋਵੇਗੀ ਕਿ ਨਵੇਂ ਸਾਲ ਦੇ ਅੰਕ ਤੋਂ ਤੁਹਾਡਾ ਅਖਬਾਰ ਫਿਰ ਸਪਤਾਹਿਕ ਰੂਪ ਵਿੱਚ ਪੇਸ਼ ਹੋਵੇਗਾ। ਪ੍ਰਬੰਧਕੀ ਕਾਰਨਾਂ ਕਰਕੇ ਕੁੱਝ ਸਮੇਂ ਲਈ ਮਜਬੂਰੀ ਕਾਰਨ ਇਸ ਨੂੰ ਪੰਦਰਾ ਰੋਜ਼ਾ ਕਰਨਾ ਪਿਆ ਸੀ।

'ਕੈਨੇਡਾ ਦਰਪਣ' ਦਾ ਨਵੇਂ ਸਾਲ ਦਾ ਅੰਕ ਕੈਲੰਡਰ ਸਮੇਤ 1 ਜਨਵਰੀ 1985 ਨੂੰ ਪਾਠਕਾਂ ਸਾਹਮਣੇ ਹੋਵੇਗਾ। ਹਰ ਮੰਗਲਵਾਰ ਅਖਬਾਰ ਪ੍ਰਕਾਸ਼ਤ ਹੋਵੇਗਾ। ਇਸ ਲਈ ਵਪਾਰੀ ਵੀਰਾਂ ਅੱਗੇ ਬੇਨਤੀ ਹੈ ਕਿ ਆਪਣੀਆਂ ਐਡਾਂ ਸ਼ੁਕਰਵਾਰ ਤੱਕ ਤਿਆਰ ਕਰ ਲੈਣ। ਲਿਖਾਰੀ ਸੱਜਣਾਂ ਪਾਸ ਵੀ ਬੇਨਤੀ ਹੈ ਕਿ ਸ਼ੁਕਰਵਾਰ ਤੱਕ ਮੈਟਰ ਪਹੁੰਚਣਾ ਜ਼ਰੂਰੀ ਹੋਵੇਗਾ।

ਫਰੀਮੌਂਟ ਗੁਰਦੁਆਰੇ ਬਾਹਰ ਹੋਈ ਘਟਨਾ ਵਿੱਚ ਲਾਏ ਚਾਰਜ ਜੱਜ ਨੇ ਖਾਰਜ ਕਰ ਦਿੱਤੇ

ਸਨਫਰਾਂਸਿਸਕੋ - ਫਰੀਮੌਂਟ ਗੁਰਦੁਆਰੇ ਦੇ ਬਾਹਰ ਪਿਛਲੇ ਦਿਨੀਂ ਹੋਈ ਘਟਨਾ ਵਿੱਚ ਜੋ ਛੇ ਵਿਅਕਤੀ ਪੁਲਿਸ ਨੇ ਫੜੇ ਸਨ ਉਹਨਾਂ ਨੂੰ ਫਾਜ਼ਲ ਜੱਜ ਨੇ ਬਾਇੱਜ਼ਤ ਬਰੀ ਕਰ ਦਿੱਤਾ।

ਘਟਨਾ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਬੇਕਰਸਫੀਲਡ ਸਥਿਤ ਸੰਸਥਾ ਐਂਟੀ -47 ਫਰੰਟ' ਦੇ ਮੈਂਬਰ ਗੁਰਦੁਆਰੇ ਬਾਹਰ ਇੱਕ ਪੈਂਫਲਿਟ ਵੰਡ ਰਹੇ ਸਨ ਜਿਸ ਵਿੱਚ ਦਿੱਲੀ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਸਬੰਧੀ ਉਨ੍ਹਾਂ ਸਰਕਾਰੀ ਪੁਲਿਸ ਅਤੇ ਹਿੰਦੂ ਫਿਰਕਾਪ੍ਰਸਤ ਗੁੰਡਿਆਂ ਨੂੰ ਦੋਸ਼ੀ ਠਹਿਰਾਇਆ ਸੀ ਅਤੇ ਨਾਲ ਹੀ 'ਖਾਲਿਸਤਾਨ' ਦੀ ਮੰਗ ਦਾ ਵਿਰੋਧ ਵੀ ਕੀਤਾ ਸੀ। ਉਸ ਪੈਂਫਲਿਟ ਵਿੱਚ ਅਮਰੀਕਾ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਖਾਲਿਸਤਾਨੀ ਅਨਸਰਾਂ ਤੋਂ ਸੁਚੇਤ ਰਹਿਣ ਜਿੰਨ੍ਹਾਂ ਇਸ ਸਾਰੀ ਸਥਿਤੀ ਵਿੱਚ ਵਾਹੂ ਰੋਲ ਅਦਾ ਕੀਤਾ ਹੈ।

ਇਸ ਘਟਨਾ ਦੀ ਖਬਰ ਨੂੰ ਕੈਨੇਡਾ ਅਤੇ ਅਮਰੀਕਾ ਦੇ ਖਾਲਿਸਤਾਨੀ ਅਖਬਾਰਾਂ ਨੇ ਵਧਾ ਚੜ੍ਹਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਪਰ ਅਮਰੀਕਨ ਅਖਬਾਰਾਂ ਅਤੇ ਟੀ. ਵੀ. ਨੇ ਇਸ ਸਾਰੀ ਘਟਨਾ ਨੂੰ ਅਮਰੀਕਾ ਦੇ ਲੋਕਾਂ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕੀਤਾ। ਪੁਲਿਸ ਵੱਲੋਂ ਲਾਏ ਦੋਸ਼ ਵੀ ਜੱਜ ਨੇ ਖਾਰਜ ਕਰ ਦਿੱਤੇ।

ਅਮਰੀਕਾ ਦੇ ਅਖਬਾਰ ' ਦੀ ਬੇਕਰਜਫੀਲਡ ਕੈਲੇਫੋਰਨੀਆਂ' ਨੇ ਲਿਖਿਆ ਹੈ ' ਪਿਛਲੇ ਵੀਕਇੰਡ ਤੇ ਸਨਫਰਾਂਸਿਸਕੋ ਇਲਾਕੇ ਦੇ ਵਿੱਚ ਹੋਏ ਗੁਰਦੁਆਰੇ ਦੇ ਝਗੜੇ ਨੇ ਲੋਕਾਂ ਦਾ ਧਿਆਨ ਖਿੱਚਿਆ ਜਦ ਕਰਨ ਕਾਊਂਟੀ ਦੀ ਇੱਕ ਸੰਸਥਾ ਨੇ ਵੱਖਰੀ ਸਿੱਖ ਸਟੇਟ ਦੇ ਨਾਅਰੇ ਦੇ ਸਿਧਾਂਤ ਦਾ ਵਿਰੋਧ ਕੀਤਾ। 'ਐਂਟੀ-47 ਫਰੰਟ' ਸਿੱਖਾਂ ਦੀ ਇੱਕ ਸੰਸਥਾ ਹੈ ਜੋ ਭਾਰਤ ਵਿੱਚ 1947 ਦੇ ਦੁਹਰਾਏ ਜਾਣ ਦਾ ਵਿਰੋਧ ਕਰਦੀ ਹੈ ਜਦੋਂ ਭਾਰਤ ਅਤੇ ਪਾਕਿਸਤਾਨ ਬਣਨ ਸਮੇਂ ਇਤਹਾ ਲਹੂ ਵਹਾਇਆ ਗਿਆ ਸੀ।'

ਅਖਬਾਰ ਲਿਖਦਾ ਹੈ ਕਿ 'ਐਤਵਾਰ ਨੂੰ 25 ਵਿਅਕਤੀ ਫਰੀਮੌਂਟ ਗੁਰਦੁਆਰੇ ਪਹੁੰਚੇ ਅਤੇ ਉਨ੍ਹਾਂ ਪੈਂਫਲਿਟ ਵੰਡਿਆ। ਇਸ ਤੋਂ ਕੁੱਝ ਲੋਕਾਂ ਨੇ ਬੁਰਾ ਮਨਾਇਆ ਜਿੰਨ੍ਹਾਂ ਵਿੱਚ ਖਾਲਿਸਤਾਨੀ ਮੂਹਰੇ ਸਨ। 300 ਵਿਅਕਤੀਆਂ ਨੇ ਉਨ੍ਹਾਂ ਨੂੰ ਚੈਲਿੰਜ ਕੀਤਾ। ਸਭ ਤੋਂ ਪਹਿਲਾਂ ਪਹੁੰਚਣ ਵਾਲੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ 300 ਵਿਅਕਤੀਆਂ ਨੇ ਦੋ ਪਿਕ ਅੱਪ ਟਰੱਕਾਂ ਦਾ ਪਿਛਾ ਕੀਤਾ ਅਤੇ ਪਿਕ-ਅੱਪ ਵਿੱਚ ਇੱਕ ਵਿਅਕਤੀ ਨੇ ਹਵਾਈ ਫਾਇਰ ਕੀਤਾ। ਉਸ ਸਮੇਂ ਪੁਲਿਸ ਦੀਆਂ 30 ਕਾਰਾਂ ਪਹੁੰਚ ਗਈਆਂ। ਪੁਲਿਸ ਅਧਿਕਾਰੀ ਨੇ ਕਿਹਾ 'ਪੁਲਿਸ ਏਜੰਸੀ ਦੇ ਤੌਰ ਤੇ ਸਾਡੀ ਲਈ ਇਹ ਮੁਸ਼ਕਲ ਸਮੱਸਿਆ ਆ ਬਣੀ ਹੈ। ਰੌਲਾ ਦੁਨੀਆਂ ਦੇ ਦੂਜੇ ਹਿੱਸੇ ਵਿੱਚ ਹੈ ਪਰ ਸਾਹਮਣਾ ਸਾਨੂੰ ਕਰਨਾ ਪੈ ਰਿਹਾ ਹੈ।'

ਝਗੜੇ ਪਿੱਛੋਂ 6 ਵਿਅਕਤੀ ਹਿਰਾਸਤ ਵਿੱਚ ਲਏ ਗਏ। ਉਨ੍ਹਾਂ ਉਤੇ ਪਹਿਲਾਂ ਕਾਤਲਾਨਾ ਹਮਲੇ ਦੇ ਦੋਸ਼ ਲਾਏ ਗਏ ਪਰ ਫਿਰ ਸਟਿਕਾਂ ਰੱਖਣ ਦਾ ਦੋਸ਼ ਲਾਇਆ ਗਿਆ। ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਵਿੱਚ ਅਜੀਤ ਸਿੰਘ ਮਾਨ, ਮਨਜੀਤ ਸਿੰਘ ਗਰੇਵਾਲ, ਹਰਸ਼ਰਨ ਸਿੰਘ ਗਿੱਲ ਆਦਿ ਸਨ।

ਹਰਸ਼ਰਨ ਸਿੰਘ ਗਿੱਲ ਨੇ ਅਖਬਾਰ ਦੇ ਨੁਮਾਇੰਦੇ ਨੂੰ ਦੱਸਿਆ ਕਿ 'ਪੁਲਿਸ ਸਾਨੂੰ ਦੋਸ਼ੀ ਸਮਝਦੀ ਸੀ ਪਰ ਹੁਣ ਇੰਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਹਮਲਾਆਵਰ ਕੌਣ ਸਨ?' ਗਿੱਲ ਨੇ ਨਾਮਾ ਨਿਗਾਰ ਸੈਲੀ ਕੌਨਲ ਨੂੰ ਕਿਹਾ ਕਿ ਹਰਿਮੰਦਰ ਸਾਹਿਬ ਉਤੇ ਹਮਲੇ ਤੋਂ ਪਹਿਲਾਂ ਹੀ ਅਸੀਂ ਚਿਤਾਵਨੀ ਦਿੱਤੀ ਸੀ ਕਿ ਵੱਖਵਾਦੀ ਨਾਹਰੇ ਫਿਰਕੂ ਦੰਗੇ ਭੜਕਾਉਣਗੇ। ਉਸ ਨੇ ਕਿਹਾ, "ਅਸੀਂ ਮਹਿਸੂਸ ਕਰਦੇ ਹਾਂ ਕਿ ਖਾਲਿਸਤਾਨ ਦੀ ਮੰਗ ਪਾਕਿਸਤਾਨ ਵਰਗੀ ਹੀ ਹੈ ਜਿਸ ਨੇ ਕੁੱਝ ਨਹੀਂ ਸੁਆਰਿਆ। ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਹੈ ਕਿ ਅਸੀਂ ਸਹੀ ਹਾਂ ਕਿਉਂਕਿ ਇੰਦਰਾ ਗਾਂਧੀ ਦੀ ਮੌਤ ਪਿੱਛੋਂ ਹੋਈ ਹਿੰਸਾ ਨੇ ਇਹ ਸਾਫ ਸਾਬਿਤ ਕਰ ਦਿੱਤਾ ਹੈ।"

'ਐਂਟੀ - 47 ਫਰੰਟ' ਨੇ ਪਹਿਲਾਂ ਵੀ ਲੋਕਾਂ ਦੀ ਜਾਣਕਾਰੀ ਲਈ ਪੈਂਫਲਿਟ ਯੂਬਾ ਸਿਟੀ, ਲਾਸ ਏਂਜਲਸ ਅਤੇ ਸਟਾਕਟਨ ਵਿੱਚ ਵੰਡੇ ਹਨ ਜਦੋਂ ਅਜੇ ਹਰਿਮੰਦਰ ਸਾਹਿਬ ਤੇ ਹਮਲਾ ਨਹੀਂ ਸੀ ਹੋਇਆ ਤਾਂ ਕਿ ਲੋਕ ਇੰਨ੍ਹਾਂ ਵੱਖਵਾਦੀਆਂ ਦੀਆਂ ਕਾਰਵਾਈਆਂ ਤੋਂ ਜਾਣੂ ਹੋ ਸਕਣ।

ਇਸੇ ਤਰ੍ਹਾਂ 'ਸਨਫਰਾਂਸਿਸਕੋ ਕਰੌਨੀਕਲ' ਨੇ ਲਿਖਿਆ ਹੈ ਕਿ 'ਐਂਟੀ-47 ਫਰੰਟ' ਅਹਿੰਸਾ ਦਾ ਪ੍ਰਚਾਰਕ ਹੈ ਅਤੇ ਖਾਲਿਸਤਾਨ ਦੀ ਵਿਰੋਧਤਾ ਕਰਦਾ ਹੈ। ਅਖਬਾਰ ਲਿਖਦਾ ਹੈ ਕਿ 1947 ਵਿੱਚ ਪਾਕਿਸਤਾਨ ਬਣਨ ਵੇਲੇ ਹਿੰਦੂ ਅਤੇ ਮੁਸਲਮਾਨਾਂ ਦੇ ਫਸਾਦਾਂ ਸਮੇਂ ਹਿੰਸਾ ਹੋਈ। ਹਰਸ਼ਰਨ ਗਿੱਲ ਨੇ ਇਸ ਅਖਬਾਰ ਦੇ ਨਾਮਾ ਨਿਗਾਰ ਨੂੰ ਕਿਹਾ, "ਅਸੀਂ 1947 ਨਹੀਂ ਦੁਹਰਾਣ ਦਿਆਂਗੇ। ਉਸ ਸਮੇਂ 75 ਮੁਸਲਮਾਨ ਆਦਮੀਆਂ, ਔਰਤਾਂ ਅਤੇ ਬੱਚਿਆਂ ਨੂੰ ਮੇਰੇ ਪਿੰਡ ਦੇ ਨੇੜੇ (ਪੰਜਾਬ ਵਿੱਚ) ਜਨੂੰਨੀਆਂ ਨੇ ਕਤਲ ਕੀਤਾ। ਉਨ੍ਹਾਂ ਨੂੰ ਇੱਕ ਖਾਈ ਪੁੱਟ ਕੇ ਗੋਡਿਆਂ ਭਾਰ ਤੁਰਨ ਲਈ ਮਜਬੂਰ ਕੀਤਾ ਗਿਆ ਅਤੇ ਪਹਿਲਾਂ ਉਹਨਾਂ ਦੀਆਂ ਬਾਹਵਾਂ ਬੰਨੀਆਂ ਗਈਆਂ ਫਿਰ ਉਹਨਾਂ ਦੇ ਸਿਰ ਲੰਬੀਆਂ ਤਲਵਾਰਾਂ ਨਾਲ ਧੜਾ ਤੋਂ ਵੱਖ ਕੀਤੇ ਗਏ। ਖਾਲੀ ਪੁੱਟ ਕੇ ਉਹਨਾਂ ਉਤੇ ਮਿੱਟੀ ਪਾ ਦਿੱਤੀ ਗਈ।

ਫਰੀਮੌਂਟ ਗੁਰਦੁਆਰੇ ਬਾਹਰ ਹੋਈ ਘਟਨਾ: ਗੋਰਿਆਂ ਦੀ ਜ਼ਬਾਨੀ

ਫਰੀਮੌਂਟ ਗੁਰਦੁਆਰੇ ਦੇ ਆਲੇ ਦੁਆਲੇ ਰਹਿੰਦੇ ਗਵਾਂਢੀ ਅਜੇ ਵੀ ਡਰੇ ਹੋਏ ਹਨ। ਆਪਣੀਆਂ ਬਾਰੀਆਂ ਰਾਹੀਂ ਉਨ੍ਹਾਂ ਗੋਲੀਆਂ ਚਲਦੀਆਂ ਦੇਖੀਆਂ ਅਤੇ ਦਰਜਨਾਂ ਆਦਮੀ ਡਾਗਾਂ ਅਤੇ ਪਾਈਪਾਂ ਲਹਿਰਾਉਂਦੇ ਦੇਖੇ।

"100 ਸਿੱਖ ਇੱਕ ਛੋਟੇ ਜਿਹੇ ਗਰੁੱਪ ਦਾ ਪਿੱਛਾ ਕਰ ਰਹੇ ਸਨ ਜਦੋਂ ਮੈਂ ਦੋ ਗੋਲੀਆਂ ਦੀ ਆਵਾਜ਼ ਸੁਣੀ ਅਤੇ ਮੈਂ ਸਹਿਮ ਗਈ। ਮੈਂ ਕਿਚਨ ਦੀ ਬਾਰੀ ਰਾਹੀਂ ਦੇਖ ਰਹੀ ਸਾਂ। ਮੈਂ ਏਨਾ ਹੀ ਕਹਿ ਸਕੀ, "ਬੱਚੇ ਨੂੰ ਘਰ ਤੋਂ ਬਾਹਰ ਲੈ ਜਾਓ।" ਗੁਆਂਢਣ ਨੇ ਆਪਣਾ ਨਾਂ ਨਹੀਂ ਦਿੱਤਾ ਤਾਂ ਕਿ ਉਸ ਵਿਰੁੱਧ ਬਦਲਾ ਨਾਂ ਲਿਆ ਜਾਵੇ।

ਉਸ ਦੀ ਲੜਕੀ ਨੇ ਕਿਹਾ, "ਇਹ ਅਮਰੀਕਾ ਹੈ। ਜਿਸ ਕਾਰਨ ਇਹ ਇੱਥੇ ਆ ਗਏ ਹਨ। ਪਰ ਇਹ ਆਪਣੀ ਸਿਆਸਤ ਅਤੇ ਧਾਰਮਿਕ ਲੜਾਈ ਆਪਣੇ ਮੁਲਕ ਵਿੱਚ ਹੀ ਕਿਉਂ ਨਹੀਂ ਛੱਡ ਆਉਂਦੇ?"

ਅੱਠ ਮਹੀਨਿਆਂ ਵਿੱਚ ਇਹ ਦੂਜੀ ਵਾਰ ਹੈ ਜਦ ਕਿ ਪੁਲਿਸ ਗੁਰਦੁਆਰੇ ਵਿੱਚ ਬੁਲਾਈ ਗਈ ਹੈ। ਮਾਰਚ ਵਿੱਚ ਦੋ ਵਿਰੋਧੀ ਧੜਿਆਂ ਵਿੱਚ ਡਾਗਾਂ ਨਾਲ ਜੰਮ ਕੇ ਲੜਾਈ ਹੋਈ ਸੀ। ਜਿਸ ਸਮੇਂ ਗੁਰਦੁਆਰੇ ਤੇ ਕਬਜ਼ਾ ਕਰਨ ਪਿੱਛੇ ਝਗੜਾ ਹੋਇਆ ਸੀ। ਤਿੰਨ ਵਿਅਕਤੀ ਉਸ ਸਮੇਂ ਗ੍ਰਿਫਤਾਰ ਹੋਏ ਸਨ ਅਤੇ ਇੱਕ ਸਿੱਖ ਨੌਜਵਾਨ ਵੱਲੋਂ ਡਾਗਾਂ ਨਾਲ ਪੁਲਸੀਆ ਵੀ ਕੁੱਟਿਆ ਗਿਆ ਸੀ।

"ਮੈਂ ਡਰ ਗਈ"

"ਜਦੋਂ 1979 ਵਿੱਚ ਇਹ ਇੱਥੇ ਆਏ ਸਨ, ਉਸ ਸਮੇਂ ਸ਼ਾਂਤੀ ਸੀ", ਗੁਰਦੁਆਰੇ ਨਾਲ ਲੱਗਦੇ ਘਰ ਦੀ ਮਾਲਕ ਨੇ ਦੱਸਿਆ। "ਮੈਂ ਸੋਚਿਆ ਇਹ ਮਾੜੇ ਗੁਆਂਢੀ ਨਹੀਂ ਹੋਣਗੇ। ਪਰ ਅੱਜ ਸਵੇਰ ਹੀ ਪੰਜ ਵਜੇ ਮੈਂ ਡਰ ਕਾਰਨ ਘਰੋਂ ਬਾਹਰ ਚਲੀ ਗਈ।"

(ਸੈਨ ਜੋਸੇ ਮਰਕਰੀ ਨਿਊਜ਼ ਦੇ ਧੰਨਵਾਦ ਸਹਿਤ)

ਪੰਜਾਬ ਪੁਲੀਸ 'ਚ ਕਈ ਹੋਰ ਤਰੱਕੀਆਂ ਅਤੇ ਬਦਲੀਆਂ

ਚੰਡੀਗੜ੍ਹ, (ਵਿਸ਼ੇਸ਼ ਪ੍ਰਤੀਨਿਧ)—ਪੰਜਾਬ ਸਰਕਾਰ ਨੇ ਅਜ ਪੁਲੀਸ ਦੇ 6 ਸੀਨੀਅਰ ਸੁਪਰਡੈਂਟਾਂ ਨੂੰ ਤਰੱਕੀ ਦੇ ਕੇ ਡੀ. ਆਈ. ਜੀ. ਪੁਲੀਸ ਬਣਾ ਦਿਤਾ ਹੈ ਅਤੇ ਦੋ ਹੋਰ ਡੀ. ਆਈ. ਜੀ. ਬਦਲ ਦਿੱਤੇ ਗਏ ਹਨ। ਅਜਿਹਾ ਪੁਲੀਸ ਵਿਚ ਕੀਤੀ ਜਾ ਰਹੀ ਰੱਦੋ-ਬਦਲ ਅਧੀਨ ਕੀਤਾ ਗਿਆ ਹੈ।

ਜਿਨ੍ਹਾਂ ਨੂੰ ਤਰੱਕੀ ਦਿਤੀ ਗਈ ਹੈ, ਉਨ੍ਹਾਂ ਵਿਚ ਸਰਵਸ੍ਰੀ ਕੇ. ਕੇ. ਸ਼ਰਮਾ (ਪੰਜਾਬ ਆਰਮਡ ਪੁਲੀਸ), ਡੀ. ਐਸ. ਮੋਹੀ ਐਸ. ਐਸ. ਪੀ. ਬਠਿੰਡਾ, ਆਰ. ਪੀ. ਜੋਸ਼, ਐਸ. ਪੀ., ਗੁਰਬਚਨ ਜਗਤ, ਏ. ਪੀ. ਭਟਨਾਗਰ ਐਸ. ਪੀ. ਅਤੇ ਸ੍ਰੀ ਅਜੀਤ ਸਿੰਘ ਐਸ. ਪੀ. ਸ਼ਾਮਲ ਹਨ।

ਸ੍ਰੀ ਕੇ. ਕੇ. ਸ਼ਰਮਾ ਅਤੇ ਸ੍ਰੀ ਮੋਹੀ ਦੀ ਨਿਯੁਕਤੀ ਡੀ. ਆਈ. ਜੀ. ਦੇ ਅਹੁਦੇ ਉਤੇ ਹੋਈ ਹੈ। ਸ੍ਰੀ ਕੇ. ਕੇ. ਸ਼ਰਮਾ ਨੂੰ ਡੀ. ਆਈ. ਜੀ. (ਪੀ. ਏ. ਪੀ.) ਨਿਯੁਕਤ ਕੀਤਾ ਹੈ ਅਤੇ ਸ੍ਰੀ ਅਜੀਤ ਸਿੰਘ ਨੂੰ ਡੀ. ਆਈ. ਜੀ. (ਅਸਲਾ) ਨਿਯੁਕਤ ਕੀਤਾ ਹੈ।



ਸ੍ਰੀ ਗੁਰਬਚਨ ਜਗਤ ਅਤੇ ਸ੍ਰੀ ਭਟਨਾਗਰ ਨੂੰ ਖੁਫੀਆ ਵਿਭਾਗ ਦੇ ਹੈੱਡ ਕੁਆਰਟਰ ਉਤੇ ਡੀ. ਆਈ. ਜੀ. ਨਿਯੁਕਤ ਕੀਤਾ ਹੈ।

ਪੰਜਾਬ ਦਰਪਣ

ਹਿੰਸਕ ਵਾਰਦਾਤਾਂ ਕਰਨ ਵਾਲਿਆਂ ਦੇ ਕੇਸ ਰਾਜਿਸਥਾਨ ਵਿੱਚ

ਚੰਡੀਗੜ੍ਹ - ਪੰਜਾਬ ਵਿਚਲੇ ਹਿੰਸਕ ਵਾਰਦਾਤਾਂ ਕਰਨ ਵਾਲੇ ਵਿਅਕਤੀਆਂ ਉਤੇ ਕੇਸ ਚਲਾਉਣ ਲਈ ਰਾਜਸਥਾਨ ਵਿੱਚ ਦੋ ਵਿਸ਼ੇਸ਼ ਅਦਾਲਤਾਂ ਸਥਾਪਤ ਕੀਤੀਆਂ ਜਾਣਗੀਆਂ। ਇਹ ਜਾਣਕਾਰੀ ਦਿੰਦਿਆਂ ਕੇਂਦਰੀ ਕਾਨੂੰਨ ਮੰਤਰੀ ਸ੍ਰੀ ਜਗਨ ਨਾਥ ਕੌਸ਼ਲ ਨੇ ਕਿਹਾ ਹੈ ਕਿ ਇਨ੍ਹਾਂ ਵਿੱਚ ਇਕ ਜੋਧਪੁਰ ਵਿੱਚ ਅਤੇ ਦੂਜੀ ਅਜਮੇਰ ਵਿੱਚ ਸਥਾਪਤ ਕੀਤੀ ਜਾਵੇਗੀ। ਅੰਮ੍ਰਿਤਸਰ ਵਿੱਚਲੇ ਇਸ ਕਿਸਮ ਦੇ ਵਿਅਕਤੀਆਂ ਵਿਰੁੱਧ ਦਰਜ ਕੇਸ ਦੀ ਸੁਣਵਾਈ ਜੋਧਪੁਰ ਹੋਵੇਗੀ। ਇਸ ਕੇਸ ਵਿੱਚ 400 ਦੋਸ਼ੀ ਹਨ।

ਟਰੱਕਾਂ ਦੀ ਖਰੀਦ 'ਚ ਕੰਪਨੀ ਵੱਲੋਂ ਰਿਆਇਤ ਦਾ ਭਰੋਸਾ

ਚੰਡੀਗੜ੍ਹ - ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਈਆਂ ਹਿੰਸਕ ਵਾਰਦਾਤਾਂ ਵਿੱਚ ਜਿੰਨ੍ਹਾਂ ਟਰੱਕ ਅਪਰੇਟਰਾਂ ਦੇ ਟਰੱਕ ਸਾੜੇ ਜਾਂ ਭੰਨੇ ਗਏ ਸਨ, ਉਨ੍ਹਾਂ ਨੂੰ ਨਵੇਂ ਟਰੱਕ ਜਾਂ ਟਰੱਕਾਂ ਦੇ ਪੁਰਜ਼ੇ ਲੈਣ ਵਿੱਚ ਟਾਟਾ ਕੰਪਨੀ ਨੇ ਭਾਰੀ ਰਿਆਇਤ ਦੇਣ ਦਾ ਭਰੋਸਾ ਦਿੱਤਾ ਹੈ।

ਪੰਜਾਬ ਟਰੱਕ ਅਪਰੇਟਰ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਵਿਧਾਇਕ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਟਾਟਾ ਕੰਪਨੀ ਨੂੰ ਲਿਖਿਆ ਸੀ ਕਿ ਉਹ ਇਸ ਮਾਮਲੇ ਵਿੱਚ ਮਦਦ ਦੇਵੇ। ਟਰੱਕ ਖਰੀਦਣ ਵਾਲਿਆਂ ਨੂੰ ਰਿਆਇਤੀ ਕੀਮਤ ਅਤੇ ਕਿਸ਼ਤਾਂ ਉਤੇ ਗੱਡੀਆਂ ਦਿੱਤੀਆਂ ਜਾਣਗੀਆਂ ਅਤੇ ਪਹਿਲੇ ਤਿੰਨ ਮਹੀਨਿਆਂ ਦੀਆਂ ਕਿਸ਼ਤਾਂ ਤੇ ਬਣਦਾ ਵਿਆਜ ਵੀ ਮੁਆਫ ਕੀਤਾ ਜਾਵੇਗਾ ਜੋ 4000 ਰੁਪਏ ਬਣਦਾ ਹੈ। ਇਹ ਵੀ ਲਿਖਿਆ ਹੈ ਕਿ ਟਰੱਕਾਂ ਦੇ ਪੁਰਜ਼ਿਆਂ ਵਿੱਚ ਵੀ ਰਿਆਇਤ ਕੀਤੀ ਜਾਵੇਗੀ ਅਤੇ ਇਸ ਸਬੰਧੀ ਸੰਬਧਤ ਏਜੰਸੀਆਂ ਨੂੰ ਹਦਾਇਤ ਕੀਤੀ ਜਾਵੇਗੀ ਕਿ ਉਹ ਮਾਰਕੀਟ ਵਿੱਚ ਬਲੈਕ ਵਿੱਚ ਮਿਲਣ ਵਾਲੇ ਪੁਰਜ਼ੇ ਵੀ ਘੱਟ ਕੀਮਤ ਤੇ ਦੇਣ।

ਦਿਲਬਾਗ ਸਿੰਘ ਨੇ ਹਿੰਸਾ ਤੋਂ ਪ੍ਰਭਾਵਿਤ ਟਰੱਕ ਅਪਰੇਟਰਾਂ ਨੂੰ ਕਿਹਾ ਹੈ ਕਿ ਉਹ ਆਪਣੀਆਂ ਲੋੜਾਂ ਸਬੰਧੀ ਤੁਰੰਤ ਯੂਨੀਅਨ ਦੇ ਦਫਤਰ ਨੂੰ ਜਾਣੂ ਕਰਾ ਕੇ ਕੰਪਨੀ ਵੱਲੋਂ ਸਹਾਇਤਾ ਦੇਣ ਦੇ ਭਰੋਸੇ ਤੋਂ ਲਾਭ ਉਠਾਉਣ।

ਰਾਜਿੰਦਰ ਸਿੰਘ ਭਾਟੀਆ ਦਲ ਦੀ ਮੁੱਢਲੀ ਮੈਂਬਰੀ ਤੋਂ ਵੱਖ

ਨਵੀਂ ਦਿੱਲੀ - ਸ਼ਰੋਮਣੀ ਅਕਾਲੀ ਦਲ (ਸੰਤ) ਦੇ ਸਾਬਕਾ ਜਨਰਲ ਸਕੱਤਰ ਰਾਜਿੰਦਰ ਸਿੰਘ ਭਾਟੀਆ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਇੱਥੇ ਜਾਰੀ ਕੀਤੇ ਇੱਕ ਬਿਆਨ ਵਿੱਚ ਸ. ਭਾਟੀਆ ਨੇ ਕਿਹਾ ਕਿ ਉਨ੍ਹਾਂ ਅਸਤੀਫਾ ਤਾਂ ਪੰਜ ਹਫਤੇ ਪਹਿਲਾਂ ਹੀ ਦੇ ਦਿੱਤਾ ਸੀ, ਇਸ ਦਾ ਐਲਾਨ ਉਹ ਹੁਣ ਕਰ ਰਹੇ ਹਨ।

ਉਨ੍ਹਾਂ ਉਤੇ ਦੋਸ਼ ਲਗਾਇਆ ਹੈ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਹਮਾਇਤੀਆਂ ਨੇ ਅਕਾਲੀ ਦਲ ਉਪਰ ਕਬਜ਼ਾ ਕਰ ਲਿਆ ਹੈ ਅਤੇ ਅਕਾਲੀ ਦਲ ਐਡਹਾਕ ਕਮੇਟੀ ਦਾ ਸੁਰਜਨ ਸਿੰਘ ਠੇਕੇਦਾਰ ਜਿਹੇ, "ਜ਼ਨੂੰਨੀ ਬੰਦੇ" ਨੂੰ ਪ੍ਰਕਾਸ਼ ਸਿੰਘ ਮਜੀਠਾ ਦੀ ਥਾਂ ਦਲ ਦਾ ਕਨਵੀਨਰ ਬਣਾ ਦਿੱਤਾ ਗਿਆ ਹੈ।

ਸ੍ਰੀ ਭਾਟੀਆ ਨੇ ਦਾਅਵਾ ਕੀਤਾ ਕਿ ਸਮੁੱਚੇ ਸਿੱਖ ਭਾਈਚਾਰੇ ਦੀ ਹਾਲ ਹੀ ਵਿੱਚ ਹੋਈ ਹੇਠੀ ਲਈ ਸ. ਟੌਹੜਾ ਜ਼ਿੰਮੇਵਾਰ ਸਨ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਸ਼ਰੋਮਣੀ ਕਮੇਟੀ ਦੇ ਪ੍ਰਧਾਨ "ਵੱਖਵਾਦੀ ਅਤੇ ਖਾਲਿਸਤਾਨ ਪੱਖੀ" ਤੱਤਾਂ ਨੂੰ ਉਤਸ਼ਾਹ ਦੇਣ ਲਈ ਜ਼ਿੰਮੇਵਾਰ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨਾਲ ਗੱਲਬਾਤ ਵੀ ਸ੍ਰੀ ਟੌਹੜਾ ਹੀ ਸਾਬੋਤਾਜ ਕਰਦੇ ਰਹੇ ਹਨ।

ਸਰਕਾਰ ਨੇ ਪੀੜਤ ਲੋਕਾਂ ਦੀ ਮੱਦਦ ਨਹੀਂ ਕੀਤੀ - ਬੀਰਦਵਿੰਦਰ ਸਿੰਘ

ਅਕਾਲੀ ਆਗੂਆਂ ਤੇ ਸਥਿਤੀ ਵਿਗਾੜਨ ਦਾ ਦੋਸ਼

ਚੰਡੀਗੜ੍ਹ - ਪੰਜਾਬ ਕਾਂਗਰਸ (ਇੰ) ਵਿਧਾਇਕ ਪਾਰਟੀ ਦੇ ਚੀਫ ਵਿਪ੍ਰ ਬੀਰਦਵਿੰਦਰ ਸਿੰਘ ਨੇ ਪੰਜਾਬ, ਹਿਮਾਚਲ ਅਤੇ ਕੇਂਦਰੀ ਸ਼ਾਸਤ ਚੰਡੀਗੜ੍ਹ ਦੀਆਂ ਸਰਕਾਰਾਂ ਨੂੰ ਜ਼ੋਰ ਪਾਇਆ ਹੈ ਕਿ ਉਹ ਸਵਰਗੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਅਫਸੋਸਨਾਕ ਹੱਤਿਆ ਤੋਂ ਬਾਅਦ ਹਿੰਸਾ ਦਾ ਸ਼ਿਕਾਰ ਹੋਏ ਦੁੱਖੀ ਅਤੇ ਬੇਸਹਾਰਾ ਲੋਕ ਆ ਰਹੇ ਹਨ, ਉਨ੍ਹਾਂ ਨੂੰ ਰਾਹਤ ਦੇਣ ਅਤੇ ਮੁੜ ਵਸੇਬੇ ਲਈ ਤਸੱਲੀ ਅਤੇ ਭਰੋਸਾ ਦੇਣ ਲਈ ਵੂਚਿ
ਲਈ ਤਸੱਲੀ ਅਤੇ ਭਰੋਸਾ ਦੇਣ ਲਈ ਉਚਿੱਤ ਕਾਰਵਾਈ ਕਰਨ।

ਪੰਜਾਬ ਰਾਜਪਾਲ ਤੇ ਉਨ੍ਹਾਂ ਦੇ ਸੀਨੀਅਰ ਸਲਾਹਕਾਰ ਸ੍ਰੀ ਸੁਬਰਾਮਨੀਅਮ, ਸੁਰਿੰਦਰ ਨਾਥ, ਮੁੱਖ ਸਕੱਤਰ ਅਤੇ ਚੰਡੀਗੜ੍ਹ ਦੇ ਚੀਫ ਕਮਿਸ਼ਨਰ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਉਤਰ ਪਰਦੇਸ਼, ਬਿਹਾਰ, ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਹੋਰ ਰਾਜਾਂ ਤੋਂ 10 ਹਜ਼ਾਰ ਤੋਂ ਵੱਧ ਪਰਿਵਾਰ ਪੰਜਾਬ ਪਹੁੰਚ ਚੁੱਕੇ ਹਨ। ਜੋ ਗੁਰਦੁਆਰਿਆਂ, ਧਰਮਸ਼ਾਲਾਵਾਂ ਅਤੇ ਰਿਸ਼ਤੇਦਾਰਾਂ ਦੇ ਘਰਾਂ ਵਿੱਚ ਸ਼ਰਨ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪਰਤਣ ਵਾਲਿਆਂ ਵਿੱਚ ਸਿੱਖਾਂ ਤੋਂ ਇਲਾਵਾ ਉਹ ਹਿੰਦੂ ਪਰਿਵਾਰ ਵੀ ਸ਼ਾਮਲ ਹਨ, ਜਿੰਨ੍ਹਾਂ ਨੂੰ ਪੰਜਾਬੀ ਬੋਲਣ ਤੇ ਹੀ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਹਾਲੀ, ਪਟਿਆਲਾ ਤੇ ਲੁਧਿਆਣਾ ਆਦਿ ਸ਼ਹਿਰਾਂ ਵਿੱਚ 150 ਪਰਿਵਾਰ ਹਿਮਾਚਲ ਪ੍ਰਦੇਸ਼ ਤੋਂ ਉਜੜ ਕੇ ਆ ਚੁੱਕੇ ਹਨ ਅਤੇ ਅਜਿਹੇ ਪਰਿਵਾਰ ਹਨ ਜਿੰਨ੍ਹਾਂ ਕੋਲ ਤਨ ਢੱਕਣ ਲਈ ਯੋਗ ਕੱਪੜਾ ਤੱਕ ਨਹੀਂ।

ਅੰਮ੍ਰਿਤਸਰ ਦੇ ਪੀੜਤਾਂ ਨੇ ਆਪਣੀ ਜਥੇਬੰਦੀ ਬਣਾਈ

ਅੰਮ੍ਰਿਤਸਰ - ਦਰਬਾਰ ਸਾਹਿਬ ਕੰਪਲੈਕਸ ਦੇ ਨਾਲ ਲੱਗਦੇ ਇਲਾਕੇ ਵਿੱਚ ਵਸਦੇ ਕੋਈ ਇਕ ਲੱਖ ਲੋਕ ਜਿੰਨ੍ਹਾਂ ਦੀ ਰੋਜ਼ੀ ਬਲੂ ਸਟਾਰ ਅਪਰੇਸ਼ਨ ਵਿੱਚ ਤਬਾਹ ਹੋ ਗਈ ਸੀ, ਨੇ "ਫੈਡਰੇਸ਼ਨ ਆਫ ਅੰਮ੍ਰਿਤਸਰ ਸਫਰਰਜ਼ ਐਸੋਸੀਏਸ਼ਨ" ਕਾਇਮ ਕੀਤੀ ਹੈ।

ਉਸ ਮਹੀਨੇ ਤੋਂ ਲੈ ਕੇ ਹੁਣ ਤੱਕ ਇਹ ਲੋਕ ਰਾਹਤ ਅਤੇ ਪੁਨਰਵਾਸ ਲਈ ਦਰ ਦਰ ਭਟਕ ਰਹੇ ਹਨ ਪਰੰਤੂ ਕੋਈ ਲਾਭ ਨਹੀਂ ਹੋਇਆ। ਜਿਵੇਂ ਕਿਧਰੇ ਇੰਨ੍ਹਾਂ ਦੀਆਂ ਔਕੜਾਂ ਪਹਿਲਾਂ ਕੋਈ ਘੱਟ ਸਨ, ਮਾਲਕ ਮਕਾਨ ਪੁਰਾਣੇ ਕਿਰਾਏਦਾਰਾਂ ਨੂੰ ਕੱਢਣ 'ਤੇ ਤੁਲ ਗਏ ਹਨ ਜਿਸ ਕਾਰਨ ਲੋਕਾਂ ਵਿੱਚ ਗੜਬੜ ਮੱਚ ਗਈ ਹੈ। ਐਸੋਸੀਏਸ਼ਨ ਦੇ ਪ੍ਰਧਾਨ ਸ. ਸ. ਉਪਲ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਤਾਰਾਂ ਭੇਜ ਕੇ ਬੇਨਤੀ ਕੀਤੀ ਹੈ ਕਿ ਉਹ ਉਜੜੇ ਹੋਏ ਕਿਰਾਏਦਾਰਾਂ ਦੇ ਹੱਕਾਂ ਦੀ ਰਾਖੀ ਲਈ ਕੋਈ ਢੁੱਕਵਾਂ ਕਦਮ ਉਠਾਉਣ।

ਸ੍ਰੀ ਉਪਲ ਨੇ ਦੱਸਿਆ ਕਿ ਕੁੱਲ ਮਿਲਾ ਕੇ 285 ਬੰਦਿਆਂ ਦੇ 521 ਵਪਾਰਕ ਅਦਾਰਿਆਂ ਨੂੰ ਗਿਰਾਇਆ ਗਿਆ ਅਤੇ 244 ਰਿਹਾਇਸ਼ੀ ਮਕਾਨ ਵੀ ਢਾਹੇ ਗਏ। ਸਰਕਾਰ ਨੇ ਕੁੱਝ ਇਕ ਮੁਸ਼ਤ ਰਾਹਤ ਤਾਂ ਦਿੱਤੀ ਹੈ ਪਰੰਤੂ ਇਹ ਨਾਕਾਫੀ ਸੀ। ਉਸ ਸਮੇਂ ਇੰਨ੍ਹਾਂ ਦੇ 'ਪੁਨਰਵਾਸ' ਅਤੇ ਇਲਾਕੇ ਨੂੰ ਖੂਬਸੂਰਤ ਬਨਾਉਣ ਦੀਆਂ ਯੋਜਨਾਵਾਂ ਵੀ ਬਣਾਈਆਂ ਗਈਆਂ। ਇੰਨ੍ਹਾਂ ਯੋਜਨਾਵਾਂ ਦੀਆਂ ਫਾਇਲਾਂ ਤੇ ਜਿੱਥੇ ਦਿੱਲੀ ਸਰਕਾਰ ਤੇ ਦਫਤਰਾਂ ਵਿੱਚ ਗਰਦ ਜੰਮ ਰਹੀ ਹੈ ਤੇ ਕੋਈ ਅੰਤਮ ਫੈਸਲਾ ਨਹੀਂ ਹੋ ਰਿਹਾ ਲੋਕ ਆਪਣਾ ਥੋੜ੍ਹਾ ਬਹੁਤਾ ਧੰਦਾ ਚਾਲੂ ਕਰਨ ਲਈ ਮੁੜ ਆਪਣੀਆਂ ਪੁਰਾਣੀਆਂ ਥਾਵਾਂ 'ਤੇ ਜੰਮਣੇ ਸ਼ੁਰੂ ਹੋ ਗਏ ਹਨ।

ਸ੍ਰੀ ਉਪਲ ਨੇ ਦੱਸਿਆ ਕਿ ਜ਼ਿਲਾ ਪੱਧਰ ਦੀ ਪੜਤਾਲ ਕਮੇਟੀ ਦੀ ਦੋ ਰੋਜ਼ਾ ਮੀਟਿੰਗ ਪਿੱਛੋਂ ਦੱਸਿਆ ਕਿ ਅਗਲੇ ਮਾਲੀ ਸਾਲ ਲਈ ਬਣਾਈ ਸਲਾਨਾ ਐਕਸ਼ਨ ਪਲਾਨ ਵਿੱਚ ਦੋ ਕਰੋੜ ਰੁਪਏ ਰੱਖੇ ਗਏ ਹਨ। ਇੰਨ੍ਹਾਂ 'ਚੋਂ ਰਿਜ਼ਰਵ ਬੈਂਕ ਦੀਆਂ ਹਦਾਇਤਾਂ ਅਨੁਸਾਰ ਪੀੜਤਾਂ ਨੂੰ "ਨਰਮ ਸ਼ਰਤਾਂ ਤੇ ਕਰਜ਼ੇ" ਦਿੱਤੇ ਜਾਣਗੇ। ਕਰਜ਼ ਦੀ ਵੱਧ ਤੋਂ ਵੱਧ ਸੀਮਾ ਇੱਕ ਲੱਖ ਰੁਪਏ ਰੱਖੀ ਗਈ ਹੈ। ਪੰਝੀ ਹਜ਼ਾਰ ਰੁਪਏ ਤੱਕ ਦਾ ਕਰਜ਼ ਤਾਂ ਸੌਖਿਆਂ ਹੀ ਮਿਲ ਜਾਇਆ ਕਰੇਗਾ। ਇਸ ਉਪਰ ਵਿਆਜ ਦੀ ਦਰ 12.5 ਫੀ ਸਦੀ ਹੋਵੇਗੀ ਅਤੇ ਰਕਮ ਤਿੰਨ ਤੋਂ ਪੰਜ ਸਾਲਾਂ ਵਿੱਚ ਮੋੜਨੀ ਹੋਵੇਗੀ।

ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਪੰਜ ਹਜ਼ਾਰ ਇਸਤਰੀਆਂ ਵਿਧਵਾ ਹੋਈਆਂ ਅਤੇ ਹਜ਼ਾਰਾਂ ਬੱਚੇ ਬੇਸਹਾਰਾ ਹੋ ਗਏ ਹਨ। ਪਰ ਪੰਜਾਬ ਸਣੇ ਤਿੰਨ ਸਰਕਾਰਾਂ ਨੇ ਕੋਈ ਰੀਲੀਫ ਕੈਂਪ ਤੱਕ ਨਹੀਂ ਖੋਲ੍ਹਿਆ ਜਿੱਥੇ ਆ ਕੇ ਉਹ ਲੋਕ ਸ਼ਰਨ ਲੈ ਸਕਣ ਉਨ੍ਹਾਂ ਚੰਡੀਗੜ੍ਹ ਸਰਕਾਰ ਨੂੰ ਕਿਹਾ ਕਿ ਕੁੱਝ ਸਮੇਂ ਲਈ ਉਹ ਪੰਚਾਇਤ ਭਵਨ ਹੀ ਬੇਆਸਰਾ ਸ਼ਰਨਾਰਥੀਆਂ ਲਈ ਕੈਂਪ ਵਜੋਂ ਖੋਲ੍ਹ ਦੇਵੇ।

ਬੀਰਦੇਵਿੰਦਰ ਸਿੰਘ ਨੇ ਅਫਸੋਸ ਪ੍ਰਗਟ ਕੀਤਾ ਕਿ ਦੇਸ਼ ਭਰ ਵਿੱਚ ਇੱਕ ਫਿਰਕੇ ਨੂੰ ਤਬਾਹ ਕਰਨ ਵਾਲਾ ਇੱਕ ਵੀ ਦੋਸ਼ੀ ਹਤਿਆਰਾ ਅੱਜ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ। ਦੁੱਖੀਆਂ ਦੀ ਰਿਪੋਰਟ ਪੁਲੀਸ ਕਿਧਰੇ ਨਹੀਂ ਲਿਖ ਰਹੀ। ਉਲਟਾ ਉਨ੍ਹਾਂ ਤੇ ਕੇਸ ਬਣਾਏ ਜਾ ਰਹੇ ਹਨ ਅਤੇ ਇੱਕ ਵੀ ਥਾਂ ਦਾ ਕੋਈ ਸਿਵਲ ਜਾਂ ਪੁਲੀਸ ਅਧਿਕਾਰੀ ਨਹੀਂ ਬਦਲਿਆ ਗਿਆ ਜਿੰਨ੍ਹਾਂ ਦੇ ਪ੍ਰਬੰਧ ਹੇਠ ਹਿੰਸਾ ਦਾ ਨੰਗਾ ਨਾਚ ਹੋਇਆ।

ਉਨ੍ਹਾਂ ਨੇ ਰਾਜਪਾਲ ਸਲਾਹਕਾਰ ਨੂੰ ਕਿਹਾ ਹੈ ਕਿ ਚੰਡੀਗੜ੍ਹ ਵਿੱਚ ਇੱਕ ਸੂਚਨਾ ਕੇਂਦਰ ਕਾਇਮ ਕੀਤਾ ਜਾਵੇ, ਜਿੱਥੇ ਬੇਸਹਾਰਾ ਲੋਕ ਆਪਣੇ ਪਰਿਵਾਰਾਂ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਣ। ਉਨ੍ਹਾਂ ਮੰਗ ਕੀਤੀ ਕਿ ਬੇਸਹਾਰਾ ਪੰਜਾਬੀ ਪਰਿਵਾਰਾਂ ਨੂੰ ਮੁੜ ਵਸਾਉਣ ਦਾ ਪ੍ਰੋਗਰਾਮ 20 ਸੂਤਰੀ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਜਾਵੇ ਕਿ ਉਹ ਉਨ੍ਹਾਂ ਨੂੰ ਮੁੜ ਵਸੇਬੇ ਲਈ ਵਿੱਤੀ ਸਹਾਇਤਾ ਕਰਨ ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕੇਂਦਰੀ ਸਰਕਾਰ ਰਾਜ ਸਰਕਾਰਾਂ ਤੋਂ ਜਾਣਕਾਰੀ ਲੈ ਕੇ ਉਸ ਵੱਡੇ ਘੱਲੂਘਾਰੇ ਸਬੰਧੀ ਵਾਈਟ ਪੇਪਰ ਜਾਰੀ ਕਰੇ।

THE CANADA DARPAN
P.O.BOX 67344 STN. 'O'
Vancouver, B.C. V5W 3T1
Chief Editor(Hon.): DARSHAN GILL
Managing Editor : GURDEV SINGH DHALIWAL
PHONE : (604)321 - 6360
All Officeholders of CANADA DARPAN are honorary associates

ਸੰਪਾਦਕੀ

ਮੌਤ ਦੇ ਸਾਇਆਂ ਹੇਠ

ਨਵੰਬਰ ਅਤੇ ਦਸੰਬਰ ਦੇ ਮਹੀਨੇ ਭਾਰਤ ਦੇ ਲੋਕਾਂ ਲਈ ਕਹਿਰ ਦੇ ਮਹੀਨੇ ਗੁਜ਼ਰੇ ਹਨ। ਜਿੱਥੇ ਨਵੰਬਰ ਵਿੱਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਪਿੱਛੋਂ ਫਿਰਕੂ ਕਹਿਰ ਵਰਤਿਆ ਅਤੇ ਹਿੰਦੂ ਗੁੰਡਿਆਂ ਵੱਲੋਂ ਸ਼ਰੇਆਮ ਲੋਕਾਂ ਦੇ ਘਰ ਜਲਾਏ ਗਏ, ਜੀਉਂਦਿਆਂ ਨੂੰ ਸਾੜਿਆ ਗਿਆ, ਟੈਕਸੀਆਂ, ਟਰੱਕ ਫੂਕੇ ਗਏ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਬੇਘਰ ਹੋਏ, ਉਸ ਨੇ ਹਰ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਨੂੰ ਕਾਂਬਾ ਛੇੜ ਦਿੱਤਾ। ਹੁਣ ਦਸੰਬਰ ਦੇ ਸ਼ੁਰੂ ਵਿੱਚ ਅਮਰੀਕਨ ਕੰਪਨੀ ਦੀ ਜ਼ਹਿਰੀਲੀ ਗੈਸ ਨੇ ਹਜ਼ਾਰਾਂ ਵਿਅਕਤੀ ਮੌਤ ਦੀ ਨੀਂਦ ਸੁਲਾ ਦਿੱਤੇ ਅਤੇ ਲੱਖਾਂ ਲੋਕ ਅੱਧ ਮਰੀ ਹਾਲਤ ਵਿੱਚ ਪਏ ਹਨ। ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਹ ਬਦਨਸੀਬ ਲੋਕ ਪਹਿਲਾਂ ਹੀ ਗਰੀਬੀ ਦੀ ਹਾਲਤ ਵਿੱਚੋਂ ਗੁਜ਼ਰ ਰਹੇ ਸਨ। ਨੌ ਲੱਖ ਦੀ ਆਬਾਦੀ ਵਾਲਾ ਭੂਪਾਲ ਸ਼ਹਿਰ ਇਸ ਸਮੇਂ ਮੌਤ ਦੇ ਸਾਇਆਂ ਹੇਠ ਹੈ। ਲੱਖਾਂ ਲੋਕਾਂ ਦੀ ਨਜ਼ਰ ਚਲੀ ਗਈ ਹੈ ਅਤੇ ਹੋਰ ਭਿਆਨਕ ਰੋਗਾਂ ਦਾ ਸ਼ਿਕਾਰ ਹੋ ਰਹੇ ਇਨ੍ਹਾਂ ਲੋਕਾਂ ਦੀ ਹਾਲਤ ਇਥੋਪੀਆ ਵਿਚਲੇ ਭੁੱਖ-ਮਰੀ ਦਾ ਸ਼ਿਕਾਰ ਲੋਕਾਂ ਤੋਂ ਬਹੁਤੀ ਵੱਖਰੀ ਨਹੀਂ।

ਬੇਸ਼ੱਕ ਅਮਰੀਕਨ ਕੰਪਨੀ ਯੂਨੀਅਨ ਕਾਰਬਾਈਡ ਨੇ ਆਪਣਾ ਜ਼ਹਿਰ ਦਾ ਕਾਰਖਾਨਾ ਬੰਦ ਕਰ ਦਿੱਤਾ ਹੈ। ਪਰ ਜੋ ਲੋਕ ਇਸ ਦਾ ਸ਼ਿਕਾਰ ਹੋਏ ਹਨ, ਉਹਨਾਂ ਦੀ ਜ਼ਿੰਮੇਵਾਰੀ ਕਿਸ ਸਿਰ ਹੈ? ਕਿਹਾ ਜਾ ਰਿਹਾ ਹੈ ਕਿ 20 ਬਿਲੀਅਨ ਡਾਲਰ ਦਾ ਦਾਅਵਾ ਕੰਪਨੀ ਉਤੇ ਕਰ ਦਿੱਤਾ ਗਿਆ ਹੈ। ਪਰ ਜੇ ਕੰਪਨੀ ਆਪਣੇ ਆਪ ਨੂੰ ਦੀਵਾਲੀਆ ਕਰਾਰ ਦੇ ਦੇਵੇ ਤਾਂ ਭਾਰਤ ਦੇ ਲੋਕ ਇਸ ਸਬੰਧੀ ਕੀ ਚਾਰਾਜੋਈ ਕਰਨਗੇ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਦ ਸੂਬਾ ਸਰਕਾਰ ਨੇ ਇਸ ਕਾਰਖਾਨੇ ਲਈ ਲਾਇਸੈਂਸ ਦਿੱਤਾ ਉਸ ਸਮੇਂ 1975 ਵਿੱਚ ਉਸ ਇਲਾਕੇ ਵਿੱਚ ਆਬਾਦੀ ਘੱਟ ਸੀ ਪਰ ਅਜਿਹੇ ਭਿਆਨਕ ਹਾਲਾਤ ਪੈਦਾ ਕਰਨ ਵਾਲੀ ਜ਼ਹਿਰ ਨੂੰ ਬਣਾਉਣ ਲਈ ਨੌ ਲੱਖ ਦੀ ਆਬਾਦੀ ਵਾਲਾ ਸ਼ਹਿਰ ਹੀ ਕਿਉਂ ਚੁਣਿਆ ਗਿਆ? ਸੇਫਟੀ ਕਿਸੇ ਸਮੇਂ ਹੀ ਧੋਖਾ ਦੇ ਸਕਦੀ ਹੈ, ਅਣਗਹਿਲੀ ਵਰਤਣ ਵਾਲੇ ਦੋ ਚਾਰ ਅਫਸਰਾਂ ਨੂੰ ਸਜ਼ਾਵਾਂ ਦਿੱਤੇ ਜਾਣ ਨਾਲ ਲੱਖਾਂ ਲੋਕਾਂ ਨਾਲ ਵਾਪਰੇ ਦੁਖਾਂਤ ਨੂੰ ਕਿਵੇਂ ਨਜਿੱਠਿਆ ਜਾ ਸਕੇਗਾ?

ਅਜਿਹੇ ਜ਼ਹਿਰੀਲੇ ਪਦਾਰਥਾਂ ਦੀਆਂ ਫੈਕਟਰੀਆਂ ਸੰਘਣੀ ਵਸੋਂ ਵਾਲੇ ਇਲਾਕਿਆਂ ਉਤੇ ਕੀ ਕਹਿਰ ਢਾਹ ਸਕਦੀਆਂ ਹਨ - ਇਸ ਦਾ ਸਬੂਤ ਇਹ ਦੁਖਾਂਤ ਹੈ। ਆਮ ਲੋਕਾਂ ਦੀ ਜ਼ਿੰਦਗੀ ਨਾਲ ਖੇਡਣ ਦੀ ਇਹ ਜ਼ਿੰਮੇਵਾਰੀ ਹੁਣ ਕਿਸ ਦੇ ਸਿਰ ਆਵੇਗੀ? ਯੂਨੀਅਨ ਕਾਰਬਾਈਡ ਕੰਪਨੀ ਦੇ, ਸੂਬਾ ਸਰਕਾਰ ਦੇ ਜਾਂ ਅਣਗਹਿਲੀ ਵਰਤਣ ਵਾਲੇ ਅਫਸਰਾਂ ਦੇ?

ਦੋਸ਼ ਕਿਸੇ ਦਾ ਵੀ ਹੋਵੇ, ਮਸਲਾ ਹੁਣ ਉਹਨਾਂ ਲੱਖਾਂ ਲੋਕਾਂ ਲਈ ਡਾਕਟਰੀ ਸਹਾਇਤਾ ਦਾ ਹੈ ਜੋ ਉਹਨਾਂ ਨੂੰ ਤੁਰੰਤ ਲੋੜੀਂਦੀ ਹੈ। ਇੰਗਲੈਂਡ, ਕੈਨੇਡਾ ਵੱਲੋਂ ਡਾਕਟਰੀ ਸਹਾਇਤਾ ਭੇਜੀ ਜਾ ਰਹੀ ਹੈ। ਪਰ ਅਮਰੀਕਾ ਸਰਕਾਰ ਹੱਥ ਤੇ ਹੱਥ ਧਰ ਕੇ ਬੈਠੀ ਹੈ ਜਦ ਕਿ ਵਾਰਨ ਐਂਡਰਸਨ ਉਸ ਦੇਸ਼ ਦਾ ਸ਼ਹਿਰੀ ਹੈ ਜਿਸ ਨੇ ਲੱਖ ਲੋਕਾਂ ਦੀ ਜ਼ਿੰਦਗੀ ਆਪਣੇ ਮੁਨਾਫੇ ਲਈ ਦਾਅ ਤੇ ਲਾ ਦਿੱਤੀ।

ਇੰਡੋ-ਕਨੇਡੀਅਨ ਟਾਇਮਜ਼ ਵਿੱਚ ਛਪੇ ਖੱਤ ਦਾ ਵੈਨਕੂਵਰ ਸੱਥ ਵੱਲੋਂ ਜੁਆਬ

ਇੰਡੋ-ਕਨੇਡੀਅਨ ਟਾਇਮਜ਼ ਦੇ 24 ਨਵੰਬਰ ਵਾਲੇ ਅੰਕ ਵਿੱਚ ਇਕ ਖੱਤ "ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਨ" ਦੇ ਸਿਰਲੇਖ ਹੇਠ ਛਪਿਆ ਹੈ। ਇਸ ਖੱਤ ਵਿੱਚ ਹੋਰ ਜਥੇਬੰਦੀਆਂ ਅਤੇ ਵਿਅਕਤੀਆਂ ਦੇ ਨਾਲ ਨਾਲ ਵੈਨਕੂਵਰ ਸੱਥ ਬਾਰੇ ਵੀ ਕੁੱਝ ਨੁਕਤੇ ਉਠਾਏ ਗਏ ਹਨ ਅਤੇ ਇਲਜ਼ਾਮ ਲਾਏ ਗਏ ਹਨ। ਅਸੀਂ ਸਮਝਦੇ ਹਾਂ ਕਿ ਬਾਕੀ ਜਥੇਬੰਦੀਆਂ ਅਤੇ ਵਿਅਕਤੀ ਉਹਨਾਂ ਬਾਰੇ ਉਠਾਏ ਗਏ ਨੁਕਤਿਆਂ ਦਾ ਆਪ ਜਵਾਬ ਦੇਣਗੇ। ਪਰ ਅਸੀਂ ਵੈਨਕੂਵਰ ਸੱਥ ਵੱਲੋਂ ਸਾਡੇ ਬਾਰੇ ਉਠਾਏ ਨੁਕਤਿਆਂ ਬਾਰੇ ਜਵਾਬ ਦੇਣਾ ਚਾਹਾਂਗੇ।

ਵੈਨਕੂਵਰ ਸੱਥ ਨੇ ਪਿਛਲੇ ਸਮੇਂ ਵਿੱਚ ਜੋ ਕੁੱਝ ਲਿਖਿਆ ਹੈ, ਕਿਹਾ ਹੈ ਜਾਂ ਸਟੇਜਾਂ ਤੋਂ ਨਾਟਕ ਰਾਹੀਂ ਪੇਸ਼ ਕੀਤਾ ਹੈ, ਜਾਪਦਾ ਹੈ ਕਿ ਇਨ੍ਹਾ ਖੱਤ ਲਿਖਣ ਵਾਲਿਆਂ ਨੇ ਉਹ ਧਿਆਨ ਨਾਲ ਪੜ੍ਹਿਆ, ਦੇਖਿਆ ਜਾਂ ਸੁਣਿਆ ਨਹੀਂ। ਬਿਨਾਂ ਕਿਸੇ ਅਸਲੀਅਤ ਵੱਲ ਧਿਆਨ ਦਿੱਤਿਆਂ ਇਨ੍ਹਾਂ ਆਪਣੀ ਰਾਏ ਬਣਾ ਲਈ ਹੈ ਅਤੇ ਫਤਵਾ ਠੋਕ ਦਿੱਤਾ ਹੈ ਕਿ ਅਸੀਂ ਕੌਮ ਨੂੰ ਨੁਕਸਾਨ ਪਹੁੰਚਾ ਰਹੇ ਹਾਂ। ਜੇ ਧਿਆਨ ਨਾਲ ਸਾਡੀਆਂ ਲਿਖਤਾਂ ਪੜ੍ਹਨ ਜਾਂ ਸਟੇਜਾਂ ਤੋਂ ਕੀਤੇ ਗਏ ਸਾਡੇ ਡਰਾਮਿਆਂ ਬਾਰੇ ਸੋਚਣ ਤਾਂ ਸ਼ਾਇਦ ਇਨ੍ਹਾਂ ਦੀ ਇਹ ਰਾਏ ਨਾ ਰਹੇ। ਉਦਾਹਰਣ ਵਜੋਂ ਅਸੀਂ ਮਾਰਚ 1984 ਵਿੱਚ ਜਿਹੜਾ ਨਾਟਕ ਕੀਤਾ ਸੀ ਉਹਦੇ ਵਿੱਚ ਇਹ ਦਿਖਾਇਆ ਗਿਆ ਸੀ ਕਿ ਕਈ ਵਾਰੀ ਧਾਰਮਿਕ ਆਗੂ ਵੀ ਕੁਰਸੀਆਂ ਦੀ ਖਾਤਰ ਆਪਣਾ ਸਟੈਂਡ ਬਦਲ ਲੈਂਦੇ ਹਨ ਅਤੇ ਲੋਕਾਂ ਨਾਲ ਧੋਖਾ ਕਰਦੇ ਹਨ। ਅਜਿਹਾ ਸਾਡੇ ਧਰਮਾਂ ਵਿੱਚ ਹੀ ਹੁੰਦਾ ਹੈ। ਸਿੱਖ ਧਰਮ ਦੇ ਆਗੂਆਂ ਵਿੱਚ ਵੀ ਕਈ ਉਦਾਹਰਣਾਂ ਮਿਲਦੀਆਂ ਹਨ। ਕੀ ਅੱਜ ਕਲ ਸਿੱਖ ਸਟੂਡੈਂਟ ਫੈਡਰੇਸ਼ਨ ਵਾਲੇ ਅਤੇ ਕਈ ਹੋਰ ਖੁਦ ਹੀ ਕੁੱਝ ਦੇਰ ਪਹਿਲਾਂ ਆਪ ਹੀ ਚੁਣੇ ਹੋਏ ਸਿੱਖ ਆਗੂਆਂ ਨੂੰ ਸ਼ਰੇਆਮ ਗਾਲ੍ਹਾਂ ਨਹੀਂ ਕੱਢਦੇ? ਕੀ ਉਸ ਨਾਟਕ ਵਿੱਚ ਕੋਈ ਇਸ ਤੋਂ ਵੱਧ ਗੱਲ ਕਹੀ ਗਈ ਸੀ? ਦਰ ਅਸਲ ਲੱਗਦਾ ਹੈ ਕਿ ਖੱਤ ਲਿਖਣ ਵਾਲੇ ਇਹ ਸੱਜਣ ਵੀ ਕਈ ਹੋਰਨਾਂ ਵਾਂਗ ਸਿਰਫ ਇੰਡੋ-ਕਨੇਡੀਅਨ ਟਾਇਮਜ਼ ਹੀ ਪੜ੍ਹਦੇ ਹਨ ਤੇ ਉਸ ਦੇ ਆਧਾਰ ਤੇ ਹੀ ਰਾਏ ਬਣਾ ਲੈਂਦੇ ਹਨ। ਇੰਡੋ ਕਨੇਡੀਅਨ ਟਾਇਮਜ਼ ਨੇ ਹੀ ਪਿਛਲੇ ਕੁੱਝ ਮਹੀਨਿਆਂ ਦੇ ਦੌਰਾਨ ਵੈਨਕੂਵਰ ਸੱਥ ਉਤੇ ਤਰ੍ਹਾਂ ਤਰ੍ਹਾ ਦੇ ਇਲਜ਼ਾਮ ਅਤੇ ਲੇਬਲ ਲਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇੱਥੋਂ ਤੱਕ ਸਾਡੇ ਵੱਲੋਂ ਭੇਜੀਆਂ ਲਿਖਤਾਂ ਨੂੰ ਵੀ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ। ਉਦਾਹਰਣ ਵਜੋਂ ਅਸੀਂ ਸ੍ਰੀ ਹਰਿਮੰਦਰ ਸਾਹਿਬ ਉਪਰ ਹੋਏ ਹਮਲੇ ਬਾਰੇ ਇਕ ਵਿਸਥਾਰ ਪੂਰਵਕ ਲੇਖ ਲਿਖ ਕੇ ਇੰਡੋ ਕਨੇਡੀਅਨ ਟਾਇਮਜ਼ ਨੂੰ ਭੇਜਿਆ। ਜਦੋਂ ਉਹ ਲੇਖ ਇੰਡੋ-ਕਨੇਡੀਅਨ ਟਾਇਮਜ਼ ਵਿੱਚ ਛਪਿਆ ਤਾਂ ਉਸ ਲੇਖ ਦੇ ਸ਼ੁਰੂ ਵਿੱਚ ਇਕ ਵੱਡਾ ਸਾਰਾ ਕਾਰਟੂਨ ਛਾਪ ਦਿੱਤਾ ਗਿਆ। ਜਿਹੜਾ ਦੇਖਣ ਵਾਲੇ ਨੂੰ ਲੇਖ ਦਾ ਹਿਸਾ ਹੀ ਜਾਪਦਾ ਸੀ। ਜਦੋਂ ਕਿ ਕਾਰਟੂਨ ਦਾ ਲੇਖ ਨਾਲ ਸਬੰਧ ਨਹੀਂ ਸੀ। ਇਸ ਦੇ ਨਾਲ ਹੀ ਅਸੀਂ ਇਸ ਲੇਖ ਵਿੱਚ ਸ. ਊਧਮ ਸਿੰਘ ਬਾਰੇ ਲਿਖਦਿਆਂ ਲਿਖਿਆ ਸੀ ਕਿ ਊਧਮ ਸਿੰਘ ਨੇ ਆਪਣਾ ਪਹਿਲਾਂ ਨਾਂ ਬਦਲ ਕੇ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਸੀ ਅਤੇ ਇਹ ਇਕ ਇਤਿਹਾਸਕ ਸੱਚਾਈ ਹੈ। ਪਰ ਪਤਾ ਨਹੀਂ ਇੰਡੋ-ਕਨੇਡੀਅਨ ਟਾਇਮਜ਼ ਵਿੱਚ ਊਧਮ ਸਿੰਘ ਦਾ ਨਾਂ ਇਕੱਲਾ ਮੁਹੰਮਦ ਸਿੰਘ ਆਜ਼ਾਦ ਹੀ ਛਪਿਆ।


ਸਾਡੀਆਂ ਲਿਖਤਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੀ ਦੂਜੀ ਉਦਾਹਰਣ ਹੈ; ਇੰਡੋ-ਕਨੇਡੀਅਨ ਟਾਇਮਜ਼ ਦੇ 16 ਤੋਂ 23 ਨਵੰਬਰ ਵਾਲੇ ਅੰਕ ਵਿੱਚ ਸੱਥ ਵੱਲੋਂ ਇਕ ਆਰਟੀਕਲ ਸਮੇਂ ਦੀ ਲੋੜ ਦੇ ਨਾਂ ਹੇਠ ਛਪਿਆ ਹੈ। ਇਹ ਆਰਟੀਕਲ ਵੀ ਇੰਡੋ-ਕਨੇਡੀਅਨ ਟਾਇਮਜ਼ ਨੇ ਦੋ ਪਹਿਰ੍ਹੇ ਕੱਟ ਕੇ ਛਾਪਿਆ। ਉਸ ਲੇਖ ਦੇ ਅੱਧ ਵਿੱਚ ਸੰਪਾਦਕ ਨੇ ਆਪਣੇ ਵੱਲੋਂ (ਆਦਤ ਅਨੁਸਾਰ) ਇਕ ਲਾਈਨ ਦੀ ਟਿਪਣੀ ਕੀਤੀ ਹੈ। ਪਰ ਜੇ ਸਾਡਾ ਇਹ ਆਰਟੀਕਲ ਪੂਰੇ ਦਾ ਪੂਰਾ ਛਾਪਿਆ ਹੁੰਦਾ ਤਾਂ ਉਸ ਟਿਪਣੀ ਦੀ ਜ਼ਰੂਰਤ ਨਹੀਂ ਪੈਣੀ ਸੀ।

ਸਾਡਾ ਉਪਰਲੀਆਂ ਉਦਾਹਰਣਾਂ ਤੋਂ ਮਕਸਦ ਹੈ ਕਿ ਇੰਡੋ-ਕਨੇਡੀਅਨ ਨੇ ਸੱਥ ਦੀਆਂ ਰਚਨਾਵਾਂ ਨੂੰ ਜਾਣ ਬੁੱਝ ਕੇ ਗਲਤ ਤਰੀਕੇ ਨਾਲ ਪੇਸ਼ ਕੀਤਾ ਹੈ। ਤੇ ਜੋ ਲੋਕ ਸਿਰਫ ਇੰਡੋ-ਕਨੇਡੀਅਨ ਹੀ ਪੜ੍ਹਦੇ ਹਨ ਉਹਨਾਂ ਲਈ ਸਾਡੇ ਵਿਰੁੱਧ ਗਲਤ ਰਾਏ ਬਣਾਉਣਾ ਸੁਭਾਵਿਕ ਹੀ ਹੈ।

ਵੈਨਕੂਵਰ ਸੱਥ ਦਾ ਇਕ ਮੰਤਵ ਹੈ ਕਿ ਕੈਨੇਡਾ ਵਿੱਚ ਰਹਿ ਰਹੀ ਭਾਰਤੀ ਕਮਿਊਨਿਟੀ ਦੀਆਂ ਵੱਖ ਵੱਖ ਸਮੱਸਿਆਵਾਂ ਬਾਰੇ ਲੇਖ ਆਦਿ ਲਿਖਣੇ ਤਾਂ ਕਿ ਉਹਨਾਂ ਸਮੱਸਿਆਵਾਂ ਬਾਰੇ ਕੋਈ ਸੰਜੀਦਾ ਗੱਲਬਾਤ ਛੇੜੀ ਜਾ ਸਕੇ। ਸਾਡਾ ਖਿਆਲ ਹੈ ਕਿ ਸਾਨੂੰ ਇੱਥੇ ਭਾਰਤੀ ਕਮਿਊਨਿਟੀ ਦੇ ਤੌਰ ਤੇ ਆਪਣੀਆਂ ਸਮੱਸਿਆਵਾਂ ਨੂੰ ਸਮਝਣਾ ਚਾਹੀਦਾ ਹੈ, ਉਹਨਾਂ ਦੇ ਕਾਰਨਾਂ ਬਾਰੇ ਖੋਜ ਕਰਨੀ ਚਾਹੀਦੀ ਹੈ ਤਾਂ ਕਿ ਉਹਨਾਂ ਨੂੰ ਹੱਲ ਕਰਨ ਵੱਲ ਕਦਮ ਪੁੱਟੇ ਜਾ ਸਕਣ। ਅਸੀਂ ਹਰ ਲੇਖ ਲਿਖਣ ਤੋਂ ਪਹਿਲਾਂ ਉਸ ਵਿਸ਼ੇ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰਦੇ ਹਾਂ। ਫਿਰ ਇਸ ਜਾਣਕਾਰੀ ਦੇ ਅਧਾਰ ਤੇ ਪੂਰੀ ਸੋਚ ਵਿਚਾਰ ਕੇ ਲਿਖਦੇ ਹਨ। ਅਸੀਂ ਐਵੇਂ ਹੀ ਵੈਨਕੂਵਰ ਵਿੱਚ ਵਾਪਰੀ ਕਿਸੇ ਘਟਨਾ ਬਾਰੇ ਆਪਣੇ ਵੱਲੋਂ ਬਣਾ ਕੇ ਕੁੱਝ ਨਹੀਂ ਛਾਪਦੇ। ਅਸੀਂ ਕਮਿਊਨਿਟੀ ਦੇ ਲੋਕਾਂ ਨੂੰ ਮਿਲਦੇ ਹਾਂ, ਉਹਨਾਂ ਦੇ ਪ੍ਰਤੀ ਕਰਮ ਦੇ ਆਧਾਰ ਤੇ ਹੀ ਗੱਲ ਕਰਦੇ ਹਾਂ। ਅਸੀਂ ਇਸ ਕਮਿਊਨਿਟੀ ਵਿੱਚ ਰਹਿੰਦੇ ਹਾਂ ਅਤੇ ਇੱਥੇ ਹੀ ਕੰਮ ਕਰਦੇ ਹਾਂ। ਭਾਰਤੀ ਕਮਿਊਨਿਟੀ ਦੇ ਲੋਕਾਂ ਨਾਲ ਸਾਡੇ ਸਬੰਧ ਬਹੁਤ ਲਾਗੇ ਦੇ ਹਨ। ਉਦਾਹਰਣ ਵਜੋਂ 16 ਨਵੰਬਰ ਨੂੰ ਵੈਨਕੂਵਰ ਸੱਥ ਦੇ ਕਲਚਰਲ ਵਿੰਗ ਦੇ ਸਾਥੀਆਂ ਵੱਲੋਂ ਡੇਵਿਡ ਥੌਮਸਨ ਸਕੂਲ ਵੈਨਕੂਵਰ ਵਿੱਚ ਇਕ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ 400 ਤੋਂ ਵੱਧ ਲੋਕ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿੱਚ ਦੋ ਡਰਾਮੇ ਪੇਸ਼ ਕੀਤੇ ਗਏ। ਇਕ ਹਿੰਦੁਸਤਾਨ ਦੇ ਮੌਜੂਦਾ ਸਰਕਾਰੀ ਢਾਂਚੇ ਬਾਰੇ ਅਤੇ ਦੂਜਾ ਬੀ. ਸੀ. ਦੇ ਖੇਤ ਮਜ਼ਦੂਰਾਂ ਬਾਰੇ। ਦੋਵੇਂ ਨਾਟਕ ਸਰੋਤਿਆਂ ਨੇ ਬਹੁਤ ਪਸੰਦ ਕੀਤੇ। ਇਸ ਪ੍ਰੋਗਰਾਮ ਵਿੱਚ ਹਿੰਦੁਸਤਾਨ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਇੱਕ ਮਤਾ ਪਾਸ ਕੀਤਾ ਗਿਆ। ਜਿਸ ਦੀ ਰਿਪੋਰਟ ਇੰਡੋ ਕਨੇਡੀਅਨ ਟਾਇਮਜ਼ ਸਮੇਤ ਬਾਕੀ ਦੇ ਅਖਬਾਰਾਂ ਨੂੰ ਭੇਜੀ ਜਾ ਚੁੱਕੀ ਹੈ। ਪਰ ਇੰਡੋ-ਕਨੇਡੀਅਨ ਟਾਇਮਜ਼ ਨੇ ਇਹ ਰਿਪੋਰਟ ਅਜੇ ਤੱਕ ਨਹੀਂ ਛਾਪੀ। ਖੱਤ ਲਿਖਣ ਵਾਲਿਆਂ ਨੂੰ ਚਾਹੀਦਾ ਹੈ ਕਿ ਇਸ ਰਿਪੋਰਟ ਅਤੇ ਇਸ ਮਤੇ ਨੂੰ ਜਿਹੜਾ ਦੂਜਿਆਂ ਪੇਪਰਾਂ ਵਿੱਚ ਛਪ ਚੁੱਕਾ ਹੈ ਧਿਆਨ ਨਾਲ ਪੜ੍ਹਨ।

(ਇਸ ਲੇਖ ਦਾ ਅਗਲਾ ਹਿਸਾ ਅਗਲੇ ਅੰਕ ਵਿੱਚ ਪੜ੍ਹੋ)

ਭਾਰਤ ਦੇ ਪ੍ਰਸਿੱਧ ਆਰਟਿਸਟ - ਕ੍ਰਿਸ਼ਨ ਆਹੂਜਾ



ਵੈਨਕੂਵਰ - ਇੰਡੀਅਨ ਕੌਂਸਲ ਫਾਰ ਕਲਚਰਲ ਰੀਲੇਸ਼ਨਜ਼ ਵੱਲੋਂ ਕ੍ਰਿਸ਼ਨ ਆਹੂਜਾ ਦੇ ਚਿੱਤਰਾਂ ਦੀ ਪਰਦਰਸ਼ਨੀ ਏਸ਼ੀਅਨ ਸੈਂਟਰ ਬਿਲਡਿੰਗ, ਯੂ. ਬੀ. ਸੀ. ਵਿੱਚ ਪੰਦਰਾਂ ਦਸੰਬਰ ਤੋਂ 25 ਦਸੰਬਰ 1984 ਤੱਕ ਹੋ ਰਹੀ ਹੈ। ਸ਼ਨਿਚਰਵਾਰ ਪੰਦਰਾਂ ਦਸੰਬਰ ਨੂੰ ਸਾਢੇ ਸੱਤ ਵਜੇ ਸ਼ਾਮ ਇਸ ਪਰਦਰਸ਼ਨੀ ਦਾ ਉਦਘਾਟਨ ਹੋਵੇਗਾ। ਇਹ ਪਰਦਰਸ਼ਨੀ ਹਰ ਰੋਜ਼ ਬਾਰਾਂ ਵਜੇ ਦੁਪਹਿਰ ਤੋਂ ਛੇ ਵਜੇ ਸ਼ਾਮ ਤੱਕ ਖੁਲ੍ਹੀ ਰਹੇਗੀ। ਭਾਰਤੀ ਚਿੱਤਰਕਾਰੀ ਵਿੱਚ ਦਿਲਚਸਪੀ ਰੱਖਣ ਵਾਲੇ ਸਭ ਸੱਜਣਾਂ ਨੂੰ ਬੇਨਤੀ ਹੈ ਕਿ ਯੂ. ਬੀ. ਸੀ. ਪਹੁੰਚ ਕੇ ਭਾਰਤ ਦੇ ਪ੍ਰਸਿੱਧ ਆਰਟਿਸਟ ਕ੍ਰਿਸ਼ਨ ਆਹੂਜਾ ਦਾ ਹੌਸਲਾ ਵਧਾਉਣ।

ਕ੍ਰਿਸ਼ਨ ਆਹੂਜਾ ਦਾ ਸਟੂਡੀਓ ਦਿਲੀ ਵਿੱਚ ਹੈ। ਉਹਨਾਂ 1966 ਵਿੱਚ ਕਾਲਜ ਆਫ ਆਰਟ ਨਵੀਂ ਦਿੱਲੀ ਤੋਂ ਨੈਸ਼ਨਲ ਡਿਪਲੋਮਾ ਹਾਸਲ ਕੀਤਾ। 1969 ਤੋਂ ਉਹ ਉਥੇ ਅਪਲਾਈਡ ਆਰਟ ਦੇ ਲੈਕਚਰਾਰ ਹਨ। ਉਹਨਾਂ ਦੇ ਚਿੱਤਰਾਂ ਦੀਆਂ ਪਰਦਰਸ਼ਨੀਆਂ ਦਿੱਲੀ, ਬੰਬਈ, ਹੈਦਰਾਬਾਦ ਵਿੱਚ ਲੱਗ ਚੁੱਕੀਆਂ ਹਨ। 1973 ਵਿੱਚ ਮਾਨਚੈਸਟਰ, 1976 ਵਿੱਚ ਆਸਟਰੇਲੀਆ ਅਤੇ 1982 ਵਿੱਚ ਜਾਪਾਨ ਵਿੱਚ ਹੋਈਆਂ ਕੌਮਾਂਤਰੀ ਚਿੱਤਰ ਪਰਦਰਸ਼ਨੀਆਂ ਵਿੱਚ ਉਨ੍ਹਾਂ ਹਿਸਾ ਲਿਆ। 1982, 1983 ਵਿੱਚ ਸਾਹਿਤ ਕਲਾ ਪਰੀਸ਼ਦ ਦਿੱਲੀ ਦੇ ਇਨਾਮ ਜਿੱਤੇ ਅਤੇ 1980, 1981, 1982 ਵਿੱਚ ਆਲ ਇੰਡੀਆ ਗਰੈਫਿਕ ਐਗਜੀਬੀਸ਼ਨ ਚੰਡੀਗੜ੍ਹ ਵਿੱਚ ਵੀ ਇਨਾਮ ਜਿੱਤੇ।

14 ਨਵੰਬਰ ਤੋਂ 2 ਦਸੰਬਰ ਤੱਕ ਉਹਨਾਂ ਦੇ ਚਿੱਤਰਾਂ ਦੀ ਪਰਦਰਸ਼ਨੀ ਸਸਕਾਟੂਨ ਵਿੱਚ ਲਾਈ ਗਈ। ਉਹਨਾਂ ਨੂੰ ਮਿਲਣ ਦੇ ਚਾਹਵਾਨ ਸੱਜਣ ਇਨ੍ਹਾਂ ਫੋਨਾਂ ਤੇ ਮਿਲ ਸਕਦੇ ਹਨ। ਰੰਜਨ ਸੇਨ 327-9910 ਜਾਂ ਹਰੀ ਸ਼ਰਮਾ 420-2972●





ਸਿੱਖ ਪਰਿਵਾਰਾਂ ਦੇ ਮੁੜ ਵਸੇਬੇ ਲਈ ਪ੍ਰਬੰਧ

ਪੱਟੀ - ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਪ੍ਰੇਮ ਸਿੰਘ ਲਾਲਪੁਰਾ ਨੇ ਦੱਸਿਆ ਹੈ ਕਿ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਪਿਛੋਂ ਬੇਘਰ ਹੋਏ ਸਿਖ ਪਰਿਵਾਰਾਂ ਦੇ ਪੰਜਾਬ ਵਿੱਚ ਮੁੜ ਵਸੇਬੇ ਲਈ ਐਸ. ਜੀ. ਪੀ. ਸੀ. ਦੇ ਅਧੀਨ ਆਉਂਦੀ ਜ਼ਮੀਨ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ।

ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਗੱਲ ਮੰਨੀ ਹੈ ਕਿ ਦਿੱਲੀ ਅਤੇ ਬਾਹਰਲੇ ਹੋਰ ਸੂਬਿਆਂ ਦੇ ਦੁੱਖੀ ਸਿੱਖ ਪਰਿਵਾਰ ਇਧਰ ਆ ਰਹੇ ਹਨ ਅਤੇ ਉਹ ਹੁਣ ਪੰਜਾਬ ਵਿੱਚ ਹੀ ਟਿਕਣ ਦੀ ਸਕੀਮ ਬਣਾ ਰਹੇ ਹਨ ।

ਰੀਗਲ ਸਿਨਮਾ ਮੁੜ ਚਲਾਉਣ ਦੇ ਯਤਨਾਂ ਦੀ ਸਖਤ ਨਿਖੇਧੀ

ਕੋਟਕਪੂਰਾ - ਪੰਜਾਬ ਸਟੂਡੈਂਟਸ ਯੂਨੀਅਨ ਦੇ ਸੰਗਰੂਰ ਜ਼ੋਨ ਦੇ ਮੈਂਬਰ ਬਿਸਾਖਾ ਸਿੰਘ ਅਤੇ ਨਵਦੀਪ ਸਿੰਘ ਬਿਟੂ ਨੇ ਸਰਕਾਰ ਵੱਲੋਂ ਮੋਗੇ ਦੇ ਰੀਗਲ ਸਿਨਮੇ ਨੂੰ ਚਲਾਉਣ ਦੀਆਂ ਕਥਿਤ ਕੋਸ਼ਿਸ਼ਾਂ ਦੀ ਨਿਖੇਧੀ ਕੀਤੀ ਹੈ ।

ਉਨ੍ਹਾਂ ਕਿਹਾ ਕਿ ਐਕਸ਼ਨ ਕਮੇਟੀ ਦੇ ਸੱਦੇ ਤੇ ਪਿਛਲੇ ਦਿਨੀਂ ਸ਼ਹੀਦ ਊਧਮ ਸਿੰਘ ਕਾਲਜ, ਸੁਨਾਮ ਆਈ. ਟੀ. ਆਈ. ਅਤੇ ਹੋਰ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੇ ਮੁਕੰਮਲ ਹੜਤਾਲ ਕਰਕੇ ਅਜਿਹੀਆਂ ਸਰਕਾਰੀ ਕੋਸ਼ਿਸ਼ਾਂ ਦਾ ਕਰੜਾ ਵਿਰੋਧ ਕੀਤਾ ਹੈ ।

ਮੇਨਕਾ ਦਾ ਰਾਜੀਵ ਤੇ ਹਿੰਸਾ ਲਈ ਦੋਸ਼

ਬੰਬਈ - ਰਾਸ਼ਟਰੀ ਸੰਜੇ ਮੰਚ ਦੀ ਪ੍ਰਧਾਨ ਮੇਨਕਾ ਗਾਂਧੀ ਨੇ ਇਹ ਦੋਸ਼ ਲਾਇਆ ਕਿ ਅਮੇਠੀ ਦੀ ਹਿੰਸਕ ਘਟਨਾ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜ਼ਿੰਮੇਵਾਰ ਹਨ । ਇਸ ਘਟਨਾ ਸਮੇਂ ਮੇਨਕਾ ਗਾਂਧੀ ਨੂੰ ਇਕ ਪੱਥਰ ਲੱਗਾ ਸੀ । ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀਮਤੀ ਮੇਨਕਾ ਗਾਂਧੀ ਨੇ ਕਿਹਾ ਉਨ੍ਹਾਂ ਦੀ ਮਜ਼ਬੂਤ ਸਥਿਤੀ ਨੂੰ ਦੇਖਦਿਆਂ ਹਾਕਮ ਪਾਰਟੀ ਹਿੰਸਕ ਹੱਥ ਕੰਡੇ ਅਪਨਾ ਰਹੀ ਹੈ ।

ਜਥੇਦਾਰ ਵੱਲੋਂ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ - ਅਕਾਲੀ ਤਖਤ ਦੇ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗਰੰਥੀ ਗਿਆਨੀ ਸਾਹਿਬ ਸਿੰਘ ਨੇ ਭੁਪਾਲ ਵਿੱਚ ਵਾਪਰੇ ਭਿਆਨਕ ਦੁਖਾਂਤ ਸਬੰਧੀ ਗਹਿਰਾ ਦੁੱਖ ਪ੍ਰਗਟ ਕੀਤਾ । ਇੱਕ ਸਾਂਝੇ ਬਿਆਨ ਰਾਹੀਂ ਉਨ੍ਹਾਂ ਨੇ ਪੀੜਤ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ।

ਅਕਾਲੀ ਦਲ ਐਡਹਾਕ ਕਮੇਟੀ ਦੇ ਕਨਵੀਨਰ ਸੁਰਜਨ ਸਿੰਘ ਠੇਕੇਦਾਰ ਨੇ ਵੀ ਸਬੰਧਿਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ।

ਚਾਰ ਵਿਰੁੱਧ ਅਦਾਲਤੀ ਕਾਰਵਾਈ ਸ਼ੁਰੂ

ਚੰਡੀਗੜ੍ਹ - ਸੀ. ਬੀ. ਆਈ. ਨੇ 25 ਅਗਸਤ ਨੂੰ ਇੰਡੀਅਨ ਏਅਰ ਲਾਈਨਜ਼ ਦਾ ਬੋਇੰਗ 737 ਜਹਾਜ਼ ਅਗਵਾ ਕਰਨ ਦੇ ਮਾਮਲੇ ਵਿੱਚ ਲੋੜੀਂਦੇ 4 ਵਿਅਕਤੀਆਂ - ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁਨ ਹਰਜਿੰਦਰ ਸਿੰਘ, ਮੋਹਾਲੀ ਦੇ ਠੇਕੇਦਾਰ ਹਰ ਮੁਹਿੰਦਰ ਸਿੰਘ ਅਤੇ ਰੋਪੜ ਦੇ ਦਲਜੀਤ ਸਿੰਘ ਤੇ ਰਾਜਿੰਦਰ ਸਿੰਘ ਰਾਣਾ ਨੂੰ ਇਸ਼ਤਿਹਾਰੀ ਭਗੌੜੇ ਘੋਸ਼ਿਤ ਕਰਵਾਉਣ ਲਈ ਇੱਥੋਂ ਦੀ ਇੱਕ ਅਦਾਲਤ ਵਿੱਚ ਅਦਾਲਤੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

ਸੀ. ਬੀ. ਆਈ. ਦੀ ਅਰਜ਼ੀ ਤੇ ਇਲਾਕਾ ਐਗਜ਼ੈਕਟਿਵ ਮੈਜਿਸਟਰੇਟ ਲੇ ਚੌਹਾਂ ਸ਼ੱਕੀ ਦੋਸ਼ੀਆਂ ਨੂੰ 28 ਦਸੰਬਰ ਨੂੰ ਸਵੇਰੇ 10 ਵਜੇ ਅਦਾਲਤ ਵਿੱਚ ਪੇਸ਼ ਹੋਣ ਦੀ ਹਦਾਇਤ ਕੀਤੀ ਹੈ ।

ਇਸ ਤੋਂ ਪਹਿਲਾਂ ਸੀ. ਬੀ. ਆਈ. ਨੇ ਇਨ੍ਹਾਂ ਚੌਹਾਂ ਦੇ ਵਾਰੰਟ ਗ੍ਰਿਫਤਾਰੀ ਹਾਸਲ ਕਰ ਲਏ । ਚੌਹਾਂ ਨੂੰ ਇਸ਼ਤਿਹਾਰੀ ਭਗੌੜੇ ਕਰਾਰ ਦੇਣ ਬਾਰੇ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਚਾਰੇ ਵਿਅਕਤੀ ਗ੍ਰਿਫਤਾਰੀ ਤੋਂ ਬਚ ਰਹੇ ਹਨ ਜਿਸ ਕਾਰਨ ਉਨ੍ਹਾਂ ਦੇ ਗ੍ਰਿਫਤਾਰੀ ਵਾਰੰਟ ਉਨ੍ਹਾਂ ਨੂੰ ਦਿੱਤੇ ਨਹੀਂ ਜਾ ਸਕੇ ।

'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਬੱਸ ਉਲਟਣ ਨਾਲ 39 ਜ਼ਖਮੀ

ਹੁਸ਼ਿਆਰਪੁਰ - ਇੱਥੋਂ 7 ਕਿਲੋਮੀਟਰ ਦੂਰ ਪਿੰਡ ਆਦਮਵਾਲ ਦੇ ਨਜ਼ਦੀਕ ਜਬਲ ਟਰਾਂਸਪੋਰਟ ਕੰਪਨੀ ਦੀ ਇਕ ਬੱਸ ਦੇ ਉਲਟ ਜਾਣ ਕਾਰਨ ਬੱਸ ਵਿੱਚ ਸਵਾਰ 39 ਸਵਾਰੀਆਂ ਜ਼ਖਮੀ ਹੋ ਗਈਆਂ ।

20 ਮੁਸਾਫਿਰਾਂ ਨੂੰ ਸਥਾਨਿਕ ਹਸਪਤਾਲ ਅੰਦਰ ਦਾਖਲ ਕਰਵਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ ।



Mother Teresa comforts a child injured by poison

AMBIKA FOODS

5125 Victoria Drive, Vancouver

PHONE: 327—0295

X MAS SALE!

Robindhood Roti Atta ਰੌਬਨਹੁਡ ਰੋਟੀ ਆਟਾ (2x10 kg.) **$8.89**	**Almond** ਬਦਾਮ 1 lb. **$1.89**	**Golden Temple Atta** ਗੋਲਡਨ ਟੈਂਪਲ ਆਟਾ 10 kg. **$.499**
Long Grain Rice ਲੋਂਗ ਗਰੇਨ ਚਾਵਲ 20 kg. **$10.89**	**Sun Rype Apple Juice** ਐਪਲ ਜੂਸ 1 lit. **.95¢**	**Haldi/Chilli Powder** ਹਲਦੀ/ਪੀਸੀਆਂ ਮਿਰਚਾਂ lb. **0.89**
Sugar ਖੰਡ 10 kg. **$4.99**	**Manh** ਮਾਂਹ lb. **0.45¢**	**Vegetable Oil** ਵੈਜੀਟੇਬਲ ਤੇਲ 3 lit. **$3.99**
Brown Lentils(Indian) ਬਰਾਊਨ ਮਸਰ lb. **0.19¢**	**Unico Chick Peas** ਚਿੱਟੇ ਛੋਲੇ 19 oz. tin. **0.87¢**	**Basmati Rice** ਬਾਸਮਤੀ ਚਾਵਲ lb. **.59¢**
Nabob Tea ਨਵਾਬ ਚਾਹ 120 bag. **$3.89**	**Sale**	**Vegetable Oil** ਵੈਜੀਟੇਬਲ ਤੇਲ 16 lit. **$18.99**

ਭਾਰਤ ਦਰਪਣ

ਚੋਣਾਂ ਸਮੇਂ ਅਮਨ ਕਾਨੂੰਨ ਲਈ ਰਾਜਾਂ ਵੱਲੋਂ ਕੇਂਦਰ ਤੋਂ ਵਾਧੂ ਪੁਲੀਸ ਦੀ ਮੰਗ

ਨਵੀਂ ਦਿੱਲੀ - (ਯੂ. ਐਨ. ਆਈ.) ਦੇਸ਼ ਦੇ 12 ਰਾਜਾਂ ਨੇ ਕੇਂਦਰ ਤੋਂ ਮੰਗ ਕੀਤੀ ਹੈ ਕਿ ਆ ਰਹੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਅਮਨ ਕਾਨੂੰਨ ਕਾਇਮ ਰੱਖਣ ਵਾਸਤੇ ਸਥਾਨਿਕ ਪੁਲੀਸ ਦੀ ਮੱਦਦ ਲਈ ਹੋਰ 10 ਲੱਖ ਪੁਲੀਸ ਅਤੇ ਨੀਮ ਫੌਜੀ ਜਵਾਨ ਭੇਜੇ ਜਾਣ।

ਪਰੰਤੂ ਮਹਾਰਾਸ਼ਟਰ ਇੱਕ ਅਜਿਹਾ ਰਾਜ ਵੀ ਹੈ ਜਿਸ ਨੇ ਕੇਂਦਰ ਨੂੰ ਕਿਹਾ ਹੈ ਕਿ ਉਸ ਕੋਲ ਅਮਨ ਕਾਨੂੰਨ ਕਾਇਮ ਰੱਖਣ ਲਈ ਲੋੜੀਂਦਾ ਪ੍ਰਬੰਧ ਹੈ ਅਤੇ ਥੋੜ੍ਹੀ ਬਹੁਤੀ ਮੱਦਦ ਦੂਜੇ ਰਾਜਾਂ ਨੂੰ ਵੀ ਦਿੱਤੀ ਜਾ ਸਕਦੀ ਹੈ।

ਵੱਖ ਵੱਖ ਰਾਜਾਂ ਤੋਂ ਪ੍ਰਾਪਤ ਖਬਰਾਂ ਅਨੁਸਾਰ ਕਈਆਂ ਨੇ ਗੜਬੜ ਦੀ ਸੰਭਾਵਨਾ ਵਾਲੇ ਖੇਤਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ ਉਥੇ ਵਧੇਰੇ ਪੁਲੀਸ ਜਾਂ ਫੌਜੀ ਜਵਾਨ ਤਾਇਨਾਤ ਕੀਤੇ ਹਨ। ਚੌਕਸੀ ਵਜੋਂ ਕਈ ਸਮਾਜ ਵਿਰੋਧੀ ਤੱਤਾਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ।

ਚੋਣ ਬੂਥਾਂ ਉਤੇ ਕਬਜ਼ਿਆਂ ਨੂੰ ਰੋਕਣ ਲਈ ਅਤੇ ਹਿੰਸਕ ਘਟਨਾਵਾਂ ਉਤੇ ਕਾਬੂ ਪਾਉਣ ਲਈ ਬਿਹਾਰ ਸਰਕਾਰ ਨੇ ਇੱਕ ਵੱਖਰਾ ਦਸਤਾ ਕਾਇਮ ਕਰਨ ਦਾ ਸੁਝਾਅ ਦਿੱਤਾ ਹੈ।

ਬਿਹਾਰ ਤੋਂ ਇਲਾਵਾ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਪੱਛਮੀਂ ਬੰਗਾਲ, ਜੰਮੂ ਅਤੇ ਕਸ਼ਮੀਰ, ਤ੍ਰਿਪੁਰਾ, ਉੜੀਸਾ, ਹਿਮਾਚਲ ਪ੍ਰਦੇਸ਼ ਅਤੇ ਮੇਘਾਲਿਆ ਸਰਕਾਰਾਂ ਨੇ ਵੀ ਗੜਬੜ ਦੀ ਸੰਭਾਵਨਾ ਵਾਲੇ ਖੇਤਰਾਂ ਦਾ ਪਤਾ ਲਾਇਆ ਹੈ ਜਿੱਥੇ ਕਿ ਵਧੇਰੇ ਫੋਰਸ ਨਿਯੁਕਤ ਕੀਤੀ ਜਾਵੇਗੀ। 1980 ਵਿੱਚ ਚੋਣ ਬੂਥਾਂ ਦੀ ਗਿਣਤੀ 434,442 ਸੀ ਜਿਹੜੀ ਕਿ ਹੁਣ ਵਧਕੇ 479,205 ਹੋ ਗਈ ਹੈ। ਉਤਰ ਪ੍ਰਦੇਸ਼ ਸਰਕਾਰ ਨੇ ਇੱਕ ਲੱਖ ਹੋਮ ਗਾਰਡ ਜਵਾਨ ਚੋਣ ਲਈ ਲਾਉਣੇ ਹਨ ਜਿਹੜੇ ਕਿ ਇੰਨੀ ਗਿਣਤੀ ਵਿੱਚ ਪੁਲੀਸ ਦੀ ਮੱਦਦ ਕਰਨਗੇ। ਬਿਹਾਰ ਰਵਾਇਤੀ ਤੌਰ ਤੇ ਚੋਣ ਬੂਥਾਂ ਉਤੇ ਕਬਜ਼ੇ ਕਰਨ ਵਜੋਂ ਦੂਜੇ ਰਾਜਾਂ ਤੋਂ ਅੱਗੇ ਹੈ।

ਹਰਿਆਣਾ ਸਰਕਾਰ ਨੇ ਚੋਣਾਂ ਵਿੱਚ ਮੱਦਦ ਲਈ ਕੇਂਦਰ ਕੋਲੋਂ ਸੀ. ਆਰ. ਪੀ. ਦੀਆਂ 15 ਬਟਾਲੀਅਨਾਂ ਮੰਗੀਆਂ ਹਨ। ਕੇਂਦਰ ਨੇ 10 ਬਟਾਲੀਅਨਾਂ ਭੇਜਣਾ ਮੰਨਿਆ ਹੈ। ਰਾਜ ਵੱਲੋਂ ਉਮੀਦਵਾਰ ਦੀ ਇੱਛਾ ਉਤੇ ਸਕਿਉਰਿਟੀ ਗਾਰਡ ਦੇਣ ਦਾ ਵੀ ਪ੍ਰਸਤਾਵ ਹੈ। ਚੋਣ ਸਮੇਂ 30,000 ਪੁਲੀਸ ਜਵਾਨ ਅਤੇ ਹੋਮ ਗਾਰਡ ਜਵਾਨ ਤਾਇਨਾਤ ਹੋਣਗੇ। ਗੁਜਰਾਤ ਸਰਕਾਰ ਨੇ 45 ਬਟਾਲੀਅਨਾਂ ਸੀ. ਆਰ. ਪੀ. ਮੰਗੀ ਹੈ।

ਜੰਮੂ ਅਤੇ ਕਸ਼ਮੀਰ ਸਰਕਾਰ ਨੇ 32 ਬਟਾਲੀਅਨਾਂ ਸੀ. ਆਰ. ਪੀ. ਮੰਗੀ ਹੈ ਹਿਮਾਚਲ ਸਰਕਾਰ ਨੇ ਤਿੰਨ ਜਾਂ ਚਾਰ ਬਟਾਲੀਅਨਾਂ ਸੀ. ਆਰ. ਪੀ. ਕੇਂਦਰ ਤੋਂ ਮੰਗੀ ਹੈ।

ਉਜੜਕੇ ਆਏ ਲੋਕਾਂ ਦੇ ਮੁੜ ਵਸੇਬੇ ਦੇ ਪ੍ਰਬੰਧਾਂ ਦੀ ਮੰਗ

ਚੰਡੀਗੜ੍ਹ - ਪੰਜਾਬ ਦੇ ਸਾਬਕਾ ਮੰਤਰੀ ਚੌਧਰੀ ਗੁਰਮੇਲ ਸਿੰਘ ਅਤੇ ਕਾਂਗਰਸ (ਇ.) ਵਿਧਾਇਕ ਦਿਲਬਾਗ ਸਿੰਘ ਨੇ ਪੰਜਾਬ ਦੇ ਰਾਜਪਾਲ ਨੂੰ ਮਿਲ ਕੇ ਮੰਗ ਕੀਤੀ ਕਿ ਪਿਛਲੇ ਮਹੀਨੇ ਦੇਸ਼ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਵਿੱਚ ਬਰਬਾਦ ਬੇਸਹਾਰਾ ਹੋ ਕੇ ਜੋ ਸ਼ਰਨਾਰਥੀ ਪੰਜਾਬ ਆਏ ਹਨ ਉਨ੍ਹਾਂ ਦੇ ਮੁੜ ਵਸਾਉਣ ਦੇ ਤੁਰੰਤ ਪ੍ਰਬੰਧ ਕੀਤੇ ਜਾਣ ਅਤੇ ਹਾਊਸਿੰਗ ਬੋਰਡ ਵੱਲੋਂ ਉਸਾਰੇ ਮਕਾਨ ਉਨ੍ਹਾਂ ਨੂੰ ਰਿਆਇਤੀ ਦਰਾਂ ਉਤੇ ਦਿੱਤੇ ਜਾਣ।

ਮੁਲਾਕਾਤ ਤੋਂ ਬਾਅਦ ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜਿਹੜੇ ਵਿਅਕਤੀ ਸਰਕਾਰੀ ਸਰਵਿਸ ਕਰਨ ਦੇ ਯੋਗ ਹਨ ਉਨ੍ਹਾਂ ਨੂੰ ਸਰਕਾਰੀ ਅਤੇ ਅਰਧ ਸਰਕਾਰੀ ਸੰਸਥਾਵਾਂ ਬੋਰਡਾਂ ਤੇ ਕਾਰਪੋਰੇਸ਼ਨਾਂ ਵਿੱਚ ਨੌਕਰੀ ਦਿੱਤੀ ਜਾਵੇ। ਇਹ ਵੀ ਕਿਹਾ ਕਿ ਵਿਧਵਾਵਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਮੌਕੇ ਤੇ ਜਾ ਕੇ ਕੈਂਪਾਂ ਜਾਂ ਘਰਾਂ ਵਿੱਚ ਦੇਣ ਨੂੰ ਪਹਿਲ ਦਿੱਤੀ ਜਾਵੇ ਅਤੇ ਤਸੱਲੀ ਕੀਤੀ ਜਾਵੇ ਕਿ ਕੋਈ ਬੇਸਹਾਰਾ ਹੱਕਦਾਰ ਵਿਧਵਾ ਸਹਾਇਤਾ ਤੋਂ ਵਾਂਝੀ ਨਾ ਰਹੇ।

ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ 31 ਅਕਤੂਬਰ ਤੋਂ ਬਾਅਦ ਦੀਆਂ ਹਿੰਸਕ ਵਾਰਦਾਤਾਂ ਦੇ ਸ਼ਿਕਾਰ ਪਰਿਵਾਰਾਂ ਨੂੰ ਤੁਰੰਤ ਪੀਲੇ ਕਾਰਡ ਜਾਰੀ ਕੀਤੇ ਜਾਣ ਤਾਂ ਜੋ ਉਨ੍ਹਾਂ ਨੂੰ ਆਮ ਵਰਤੋਂ ਦੀਆਂ ਵਸਤਾਂ, ਰਾਸ਼ਨ ਅਤੇ ਸਿਹਤ ਸਹੂਲਤਾਂ ਪ੍ਰਾਪਤ ਹੋ ਸਕਣ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਬੱਚੇ ਬਾਹਰ ਜਿਹੜੇ ਮੀਡੀਅਮ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ ਉਨ੍ਹਾਂ ਲਈ ਇੱਥੇ ਉਸੇ ਮੀਡੀਅਮ ਵਿੱਚ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਰਾਜਪਾਲ ਨੇ ਭਰੋਸਾ ਦਿੱਤਾ ਹੈ ਕਿ ਉਹ ਇਸ ਸਬੰਧ ਵਿੱਚ ਮੁਨਾਸਿਬ ਕਾਰਵਾਈ ਕਰ ਰਹੇ ਹਨ।

ਉਧਰ ਹਿਮਾਚਲ ਤੇ ਹੋਰ ਥਾਵਾਂ ਤੋਂ ਉਜੜ ਕੇ ਆਏ ਦੁੱਖੀ ਪਰਿਵਾਰਾਂ ਨੂੰ ਮੁਹਾਲੀ ਤੇ ਹੋਰ ਥਾਵਾਂ ਤੇ ਮਿਲ ਕੇ ਕਾਂਗਰਸ ਵਿਧਾਇਕ ਦਲ ਦੇ ਚੀਫ ਵਿਪ ਬੀਰਦੇਵਿੰਦਰ ਸਿੰਘ ਨੇ ਸਹਾਇਤਾ ਦਾ ਭਰੋਸਾ ਦਿੱਤਾ ਅਤੇ ਕੁੱਝ ਯਤੀਮ ਬੱਚਿਆਂ ਤੇ ਵਿਧਵਾਵਾਂ ਨੂੰ ਨੇੜੇ ਦੇ ਪਿੰਡਾਂ ਦੇ ਵਸਨੀਕਾਂ ਕੋਲ ਭੇਜਣ ਦਾ ਪ੍ਰਬੰਧ ਕੀਤਾ।

ਔਰਤ ਵੋਟਰਾਂ ਦੀ ਕੁੱਲ ਗਿਣਤੀ 18.35 ਕਰੋੜ

ਨਵੀਂ ਦਿੱਲੀ - (ਪੀ. ਟੀ. ਆਈ.) ਵੋਟਰਾਂ ਦੀ ਕੁੱਲ ਗਿਣਤੀ 37.89 ਕਰੋੜ ਹੈ ਜਿੰਨ੍ਹਾਂ ਵਿੱਚੋਂ ਵਧੇਰੇ ਔਰਤ-ਵੋਟਰਾਂ ਦੀ ਗਿਣਤੀ 18.35 ਕਰੋੜ ਹੈ।

ਲੋਕ ਸਭਾ ਚੋਣਾ ਦੀਆਂ ਕੁੱਲ 512 ਸੀਟਾਂ ਹਨ ਜਿੰਨ੍ਹਾਂ ਵਾਸਤੇ 5095 ਉਮੀਦਵਾਰ ਖੜ੍ਹੇ ਹਨ ਜਦ ਕਿ ਔਰਤ ਉਮੀਦਵਾਰਾਂ ਦੀ ਗਿਣਤੀ 160 ਦੇ ਕਰੀਬ ਹੈ।

1980 ਦੀਆਂ ਚੋਣਾਂ ਵਿੱਚ ਔਰਤ ਉਮੀਦਵਾਰਾਂ ਦੀ ਗਿਣਤੀ 142 ਸੀ। ਦਿਲਚਸਪ ਗੱਲ ਇਹ ਹੈ ਕਿ ਹਰ ਵਾਰ ਚੋਣਾਂ ਦੌਰਾਨ ਔਰਤ ਉਮੀਦਵਾਰਾਂ ਦੀ ਗਿਣਤੀ ਭਾਵੇਂ ਵੱਧਦੀ ਗਈ ਹੈ ਪਰ ਲੋਕ ਸਭਾ 'ਚ ਔਰਤਾਂ ਦੀ ਨੁਮਾਇੰਦਗੀ ਦੀ ਗਿਣਤੀ ਘੱਟਦੀ ਹੀ ਗਈ। ਪ੍ਰਾਪਤ ਵੇਰਵਿਆਂ ਅਨੁਸਾਰ 1962 ਵਿੱਚ ਲੋਕ ਸਭਾ 'ਚ ਔਰਤਾਂ ਦੀ ਨੁਮਾਇੰਦਗੀ ਗਿਣਤੀ 33 ਸੀ ਜਦ ਕਿ 1980 ਵਿੱਚ ਇਹ ਗਿਣਤੀ 28 ਰਹਿ ਗਈ।

ਕਾਂਗਰਸ (ਆਈ) ਦੀਆਂ ਔਰਤ ਉਮੀਦਵਾਰਾਂ ਦੀ ਗਿਣਤੀ ਕਿਸੇ ਵੀ ਹੋਰ ਪਾਰਟੀ ਦੀਆਂ ਔਰਤ ਉਮੀਦਵਾਰਾਂ ਨਾਲੋਂ ਵੱਧ ਹੈ ਅਰਥਾਤ 38 ਔਰਤਾਂ ਇਸ ਵਾਰ ਕਾਂਗਰਸ ਵੱਲੋਂ ਚੋਣਾਂ ਲੜ ਰਹੀਆਂ ਹਨ। ਭਾਜਪਾ ਵੱਲੋਂ 9 ਅਤੇ ਦਲਿਤ ਮਜ਼ਦੂਰ ਕਿਸਾਨ ਸਭਾ ਵੱਲੋਂ 5 ਔਰਤਾਂ ਚੋਣ ਲੜ ਰਹੀਆਂ ਹਨ।

ਗੁਰਦੁਆਰੇ ਦਾ ਸੇਵਾਦਾਰ

ਕਤਲ-ਸੰਤ ਸੁਖਦੇਵ ਸਿੰਘ ਗ੍ਰਿਫਤਾਰ

ਮੋਰਿੰਡਾ - ਇੱਥੋਂ ਤਿੰਨ ਕਿਲੋਮੀਟਰ ਦੂਰ ਗੁਰਦੁਆਰਾ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ, ਪਿੰਡ ਨਖਮਲ ਪੁਰ ਵਿੱਚੋਂ ਮੋਰਿੰਡਾ ਪੁਲਿਸ ਨੇ ਸੰਤ ਸੁਖਦੇਵ ਸਿੰਘ ਅਤੇ ਉਸ ਦੇ ਸਾਥੀ ਸੁਰਜੀਤ ਸਿੰਘ ਨੂੰ ਆਪਣੀ ਹਿਰਾਸਤ ਵਿੱਚ ਲੈ ਲਿਆ ਮੋਰਿੰਡਾ ਪੁਲੀਸ ਨੇ ਇਹ ਛਾਪਾ ਬਸੀ ਪਠਾਣਾਂ ਪੁਲੀਸ ਦੇ ਕਹੇ ਤੇ ਮਾਰਿਆ ਅਤੇ ਮੋਰਿੰਡਾ ਤੋਂ ਬਸੀ ਪਠਾਣਾਂ ਪੁਲੀਸ ਉਨ੍ਹਾਂ ਨੂੰ ਪੁੱਛਗਿੱਛ ਲਈ ਲੈ ਗਈ ਹੈ।

ਬੱਸੀ ਪੁਲਿਸ ਨੇ ਸੰਤ ਸੁਖਦੇਵ ਸਿੰਘ ਅਤੇ ਸਾਥੀ ਨੂੰ ਪਿੰਡ ਨਖਮਲਪੁਰ ਗੁਰਦੁਆਰੇ ਦੇ ਪ੍ਰਮੁੱਖ ਸੇਵਾਦਾਰ ਠਾਕੁਰ ਸਿੰਘ ਦੇ ਕਤਲ ਸਬੰਧੀ ਗ੍ਰਿਫਤਾਰ ਕੀਤਾ ਹੈ। ਠਾਕੁਰ ਸਿੰਘ ਦੀ ਲਾਸ਼ ਨੂੰ ਟੋਟੇ ਕਰਕੇ ਮੋਰਿੰਡਾ ਤੋਂ 10 ਕਿਲੋਮੀਟਰ ਦੂਰ ਪਿੰਡ ਨੰਦਪੁਰ ਕਲੌੜ ਤੋਂ ਬਸੀ ਪਠਾਣਾ ਜਾਂ ਰਹੀ ਸੜਕ ਉਤੇ ਸਥਿਤ ਪਿੰਡ ਚਹਿਲਾਂ ਦੇ ਨਾਲ ਕੋਈ ਸੁੱਟ ਗਿਆ ਸੀ।

ਇਹ ਗੱਲ ਵਰਨਣ ਯੋਗ ਹੈ ਕਿ ਸੰਤ ਸੁਖਦੇਵ ਸਿੰਘ ਨੂੰ ਕੁੱਝ ਅਰਸੇ ਪਹਿਲਾਂ ਵੀ ਖਮਾਣੋਂ ਜ਼ਿਲਾ ਲੁਧਿਆਣਾ ਦੀ ਪੁਲਿਸ ਹਿਰਾਸਤ ਵਿੱਚ ਲੈ ਕੇ ਗਈ ਸੀ। ਪਰ ਬਾਅਦ ਵਿੱਚ ਕੋਈ ਦੋਸ਼ ਨਾ ਸਾਬਤ ਹੋਣ ਤੇ ਛੱਡ ਦਿੱਤਾ ਸੀ। ਪੁਲਿਸ ਦੀ ਜਾਂਚ ਦੌਰਾਨ ਕੋਈ ਵੀ ਅਜਿਹਾ ਸਬੂਤ ਨਹੀਂ ਮਿਲਿਆ ਸੀ ਜਿਸ ਨਾਲ ਸੰਤ ਸੁਖਦੇਵ ਸਿੰਘ ਦਾ ਕਿਸੀ ਹਿੰਸਕ ਘਟਨਾ ਨਾਲ ਸਬੰਧ ਸਥਾਪਤ ਹੋਵੇ।

ਭਾਰਦਵਾਜ ਵੀ ਖਾਲਿਸਤਾਨੀ ਬਣ ਗਿਆ

ਜਲੰਧਰ - ਅਕਾਲੀ ਦਲ (ਸੰਤ) ਦਾ ਸਿਆਸੀ ਸਲਾਹਕਾਰ ਪੀ. ਸੀ. ਭਾਰਦਵਾਜ ਜੋ ਕਿ ਪੰਜਾਬ ਵਿੱਚ ਫੌਜੀ ਕਾਰਵਾਈ ਸਮੇਂ ਬਰਤਾਨੀਆ ਪੁੱਜਣ ਵਿੱਚ ਕਾਮਯਾਬ ਹੋ ਗਿਆ ਸੀ, ਉਥੇ ਕਥਿਤ ਖਾਲਿਸਤਾਨੀ ਲੋਕਾਂ ਵਿੱਚ ਸ਼ਾਮਲ ਹੋ ਗਿਆ ਹੈ। ਬਰਮਿੰਘਮ ਤੋਂ ਨਿਕਲਦੇ ਪੰਜਾਬੀ ਮਾਸਿਕ "ਏਸ਼ੀਅਨ ਪੋਸਟ" ਨੇ ਇਹ ਖਬਰ ਦਿੱਤੀ ਹੈ। ਅਕਾਲੀ ਦਲ ਵਿੱਚ ਆਉਣ ਤੋਂ ਪਹਿਲਾਂ ਭਾਰਦਵਾਜ ਨਕਸਲੀ ਸਮਝਿਆ ਜਾਂਦਾ ਸੀ। ਉਹ ਥਾਪਰ ਇੰਜਨੀਅਰਿੰਗ ਕਾਲਜ ਪਟਿਆਲਾ ਦਾ ਅਧਿਆਪਕ ਸੀ।

ਵਿਰੋਧੀਆਂ ਤੋਂ ਬਦਲਾ ਲੈਣ ਲਈ ਪੁਲਿਸ ਨੂੰ ਗਲਤ ਸੂਚਨਾਵਾਂ

ਨਵੀਂ ਦਿੱਲੀ - ਰਾਜਧਾਨੀ ਵਿੱਚ ਅਜਿਹੀਆਂ ਕਈ ਮਿਸਾਲਾਂ ਸਾਹਮਣੇ ਆਈਆਂ ਹਨ ਜਿਥੇ ਕੁੱਝ ਲੋਕ ਆਪਣੇ ਵਿਰੋਧੀਆਂ ਤੋਂ ਬਦਲਾ ਲੈਣ ਲਈ ਪੁਲਿਸ ਤੇ ਜਾਂਚ ਏਜੰਸੀਆਂ ਨੂੰ ਗਲਤ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਨੇ ਫਲਾਣੇ ਬੰਦੇ ਨੂੰ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਤਲਾਂ ਨਾਲ ਘੁੰਮਦੇ ਫਿਰਦੇ ਵੇਖਿਆ ਹੈ।

ਦਿੱਲੀ ਪੁਲਿਸ ਅਤੇ ਵਿਸ਼ੇਸ਼ ਜਾਂਚ ਏਜੰਸੀਆਂ ਹਰ ਕੇਸ ਦੀ ਮੁਕੰਮਲ ਜਾਂਚ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ ਪਰ ਬਹੁਤੇ ਕੇਸਾਂ ਵਿੱਚ ਇਹੋ ਗੱਲ ਸਾਹਮਣੇ ਆਉਂਦੀ ਹੈ ਕਿ ਕੁੱਝ ਲੋਕੀ ਇਸ ਬਹਾਨੇ ਆਪਣੇ ਵਿਰੋਧੀਆਂ ਨੂੰ ਤੰਗ ਪਰੇਸ਼ਾਨ ਕਰਨ ਦਾ ਮੌਕਾ ਲੱਭ ਲੈਂਦੇ ਹਨ।

ਸਰਕਾਰੀ ਸੂਤਰਾਂ ਅਨੁਸਾਰ ਦਿੱਲੀ ਪੁਲਿਸ ਵਿੱਚ ਇੱਕ ਪੁਲੀਸ ਕਰਮਚਾਰੀ ਨੂੰ ਹਿਰਾਸਤ ਵਿੱਚ ਲੈ ਲਿਆ, ਕਿਉਂਕਿ ਉਸ ਨੇ ਆਪਣੇ ਵਿਰੋਧੀ ਤੋਂ ਬਦਲਾ ਲੈਣ ਲਈ ਪੁਲਿਸ ਨੂੰ ਝੂਠੀ ਇਤਲਾਹ ਦਿੱਤੀ।

ਇਸ ਤੋਂ ਪਹਿਲਾਂ ਜਨਕਪੁਰੀ ਦੇ ਵਸਨੀਕ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਸ ਦੇ 6 ਗਵਾਂਢੀ ਇਹ ਹਲਫਨਾਮਾ ਦੇਣ ਲਈ ਤਿਆਰ ਹੋ ਗਏ ਕਿ ਉਨ੍ਹਾਂ ਨੇ ਸਤਵੰਤ ਸਿੰਘ ਨੂੰ ਉਸ ਵਿਅਕਤੀ (ਜਨਕਪੁਰੀ ਦਾ ਵਸਨੀਕ) ਦੇ ਘਰ ਆਮ ਆਉਂਦੇ ਜਾਂਦੇ ਵੇਖਿਆ ਹੈ। ਜਾਂਚ ਏਜੰਸੀਆਂ ਨੇ ਜਾਂਚ ਕਰਨ ਤੋਂ ਪਿੱਛੋਂ ਇਹ ਸਿੱਟਾ ਕੱਢਿਆ ਕਿ ਦੋਸ਼ ਝੂਠਾ ਸੀ ਅਤੇ ਗਵਾਂਢੀਆਂ ਨਾਲ ਝਗੜਾ ਇੱਕ ਕੰਧ ਦੀ ਉਸਾਰੀ ਤੋਂ ਸੀ ਅਤੇ ਉਹ ਉਸ ਦੀ ਕਿੜ ਇੱਥੇ ਕੱਢਣਾ ਚਾਹੁੰਦੇ ਹਨ।

ਇਸੇ ਦੌਰਾਨ ਆਰ. ਕੇ. ਪੁਰਮ ਦੇ ਇੱਕ ਵਸਨੀਕ ਦਲੀਪ ਸਿੰਘ ਅਰਸ਼ੀ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਉਸ ਦੇ ਘਰ ਵਿੱਚੋਂ ਖਾਲਿਸਤਾਨ ਪੱਖੀ ਸਾਹਿਤ ਮਿਲਿਆ ਹੈ। ਪੁਲੀਸ ਅਨੁਸਾਰ ਉਸ ਦੇ ਘਰੋਂ ਦਿੱਲੀ ਵਿੱਚ ਕੀਤੀ ਜਾ ਰਹੀ ਇੱਕ ਸਿੱਖ ਕਨਵੈਨਸ਼ਨ ਬਾਰੇ ਸਮੱਗਰੀ ਜ਼ਰੂਰ ਫੜੀ ਗਈ ਹੈ। ਉਸ ਦੀ ਪੁੱਛਗਿੱਛ ਕਰਨ ਪਿੱਛੋਂ ਉਸ ਨੂੰ 21 ਨਵੰਬਰ ਨੂੰ ਛੱਡ ਦਿੱਤਾ ਗਿਆ ਕਿਉਂਕਿ ਉਸ ਵਿਰੁੱਧ ਕੋਈ ਸਬੂਤ ਨਹੀਂ ਮਿਲਿਆ।

ਦਲ ਵੱਲੋਂ ਛੇ ਉਮੀਦਵਾਰਾਂ ਦੀ ਹਮਾਇਤ

ਅੰਮ੍ਰਿਤਸਰ - ਸ਼ਰੋਮਣੀ ਅਕਾਲੀ ਦਲ ਨੇ ਹਰਿਆਣਾ ਵਿੱਚ 6 ਵਿਰੋਧੀ ਉਮੀਦਵਾਰਾਂ ਦੀ ਹਮਾਇਤ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚੋਂ 5 ਦਲਿਤ ਮਜ਼ਦੂਰ ਕਿਸਾਨ ਪਾਰਟੀ ਅਤੇ ਭਿਵਾਨੀ ਤੋਂ ਕਾਂਗਰਸ (ਜੇ) ਦਾ ਉਮੀਦਵਾਰ ਹੈ ਜਿਨ੍ਹਾਂ ਉਮੀਦਵਾਰਾਂ ਦੀ ਹਮਾਇਤ ਦਾ ਐਲਾਨ ਕੀਤਾ ਗਿਆ ਹੈ ਉਨ੍ਹਾਂ ਵਿੱਚ ਸਰਵ ਸ੍ਰੀ ਖੇਮਚੰਦ (ਅੰਬਾਲਾ), ਮਨੀਰਾਮ (ਸਿਰਸਾ), ਓਮ ਪ੍ਰਕਾਸ਼ (ਹਿਸਾਰ) ਸਰੂਪ ਸਿੰਘ (ਰੋਹਤਕ) ਬੈਜ ਨਰਾਇਣ ਵਰਮਾ (ਭਿਵਾਨੀ) ਅਤੇ ਚੌਧਰੀ ਦੇਵੀ ਲਾਲ (ਰੋਹਤਕ) ਸ਼ਾਮਲ ਹਨ। ਬਾਕੀ ਸੀਟਾਂ ਬਾਰੇ ਵੀ ਛੇਤੀ ਹੀ ਫੈਸਲਾ ਕੀਤਾ ਜਾਵੇਗਾ ਪਾਰਟੀ ਨੇ ਆਪਣੇ ਵਰਕਰਾਂ ਨੂੰ ਉਪਰੋਕਤ ਉਮੀਦਵਾਰਾਂ ਦੇ ਹੱਕ ਵਿੱਚ ਡੱਟ ਜਾਣ ਲਈ ਕਿਹਾ ਹੈ।

ਈਸਟ ਇੰਡੀਅਨ ਡੀਫੈਂਸ ਕਮੇਟੀ ਦੀ 10ਵੀਂ ਸਾਲਾਨਾ ਕਨਵੈਨਸ਼ਨ

29 ਦਸੰਬਰ, 1984 6.00 ਵਜੇ ਸ਼ਾਮ 5880 ਮੇਨ ਸਟਰੀਟ,
ਵੈਨਕੂਵਰ ਬੀ ਸੀ

ਮੁਖ ਬੁਲਾਰਾ: ਸਾਥੀ ਹਰਦਿਆਲ ਬੈਂਸ

ਕਨੇਡਾ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੇ ਆਗੂ ਵਸਦੇ ਹਿੰਦੁਸਤਾਨੀਆਂ ਦੇ ਆਗੂ ਅਤੇ ਬਦੇਸ਼ਾਂ ਵਿਚ

ਦੇਸ਼ ਭਗਤ ਯੂਥ ਐਂਡ ਕਲਚਰਲ ਐਸੋਸੀਏਸ਼ਨ ਵੱਲੋਂ ਬੱਚਿਆਂ ਦਾ ਭੰਗੜਾ, ਗਿੱਧਾ, ਇਨਕਲਾਬੀ ਗੀਤ ਅਤੇ ਹੋਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ।

ਵਧੇਰੇ ਜਾਣਕਾਰੀ ਲਈ ਲਿਖੋ: ਪੀ ਓ ਬਾਕਸ 4623, ਵੈਨਕੂਵਰ ਬੀ ਸੀ ਫੂਨ (604) 681-5020.

ਬੇਅੰਤ ਸਿੰਘ ਨੇ ਸ੍ਰੀਮਤੀ ਗਾਂਧੀ ਦੀ ਹੱਤਿਆ ਕਰਨ ਦੀ ਸਾਜ਼ਿਸ਼ ਕਿਵੇਂ ਰਚੀ?

□ ਪ੍ਰਭਜੋਤ ਸਿੰਘ

ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਕਰਨ ਲਈ ਸਬ ਇਨਸਪੈਕਟਰ ਬੇਅੰਤ ਸਿੰਘ ਨੂੰ ਕਿਸ ਨੇ ਉਕਸਾਇਆ?


ਕੀ ਇਸ ਪਿੱਛੇ ਕੇਵਲ ਬਾਹਰਲੇ ਪੈਸੇ ਦਾ ਲਾਲਚ ਸੀ ਜਾਂ ਇਹ ਸਿਰਫ ਧਾਰਮਿਕ ਭਾਵਨਾਵਾਂ ਦਾ ਉਛਾਲ ਸੀ ਜਿਹੜੀਆਂ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੀ ਗਈ ਫੌਜੀ ਕਾਰਵਾਈ ਦਾ ਬਦਲਾ ਲੈਣ ਲਈ ਉਗਮ ਪਈਆਂ ਸਨ ਜਾਂ ਇਸ ਪਿੱਛੇ ਦੋਵੇਂ ਗੱਲਾਂ ਸਨ?

ਟੱਬਰ-ਟੀਰ ਵਾਲਾ ਬੇਅੰਤ ਸਿੰਘ ਇੱਕ ਪਤੀ ਸੀ, ਇੱਕ ਪਿਤਾ ਸੀ ਅਤੇ ਬੇਦਾਗ ਰਿਕਾਰਡ ਵਾਲਾ ਇੱਕ ਪੁਲੀਸ ਅਫਸਰ ਸੀ। ਉਹ ਅਤੇ ਉਸ ਦੀ ਪਤਨੀ ਬਿਮਲ ਖਾਲਸਾ, ਜਿਹੜੀ ਕਿ ਲੇਡੀ ਹਾਰਡਿੰਗ ਹਸਪਤਾਲ ਵਿੱਚ ਸਟਾਫ ਨਰਸ ਲੱਗੀ ਹੋਈ ਸੀ, ਦੋਵੇਂ ਆਪਣੇ ਅਤੇ ਆਪਣੇ ਬੱਚਿਆਂ ਦੇ ਗੁਜ਼ਾਰੇ ਜੋਗੇ ਅੱਛੇ ਪੈਸੇ ਕਮਾ ਰਹੇ ਸਨ। ਇਸ ਤੋਂ ਬਿਨਾਂ ਬੇਅੰਤ ਸਿੰਘ ਸਰਕਾਰੀ ਮਕਾਨ 6 ਅਸ਼ੋਕਾ ਪੁਲੀਸ ਲਾਈਨਜ਼ ਵਿੱਚ ਰਹਿ ਰਿਹਾ ਸੀ।



ਬੇਅੰਤ ਸਿੰਘ ਆਪਣੇ ਛੋਟੇ ਭਰਾ ਭਗਤ ਸਿੰਘ ਦੇ ਵਿਆਹ ਸਮੇਂ

ਸੁੱਚਾ ਸਿੰਘ, ਜੁਲਾਹਾ ਤੇ ਰਮਦਾਸੀਏ ਸਿੱਖ ਦੇ ਘਰ 4 ਮਈ 1950 ਨੂੰ ਮਲੋਏ ਪਿੰਡ ਵਿੱਚ ਪੈਦਾ ਹੋਏ, ਬੇਅੰਤ ਸਿੰਘ ਨੇ ਸਰਕਾਰੀ ਸਕੂਲ ਮਲੋਏ, ਤੀੜਾ, ਹਮੀਰ ਪੁਰ ਅਤੇ ਖਾਲਸਾ ਸਕੂਲ ਖਰੜ ਵਿਖੇ ਮੁੱਢਲੀ ਵਿਦਿਆ ਪ੍ਰਾਪਤ ਕੀਤੀ। ਇਸ ਤੋਂ ਬਾਅਦ 1967 ਵਿੱਚ ਉਸ ਨੇ ਚੰਡੀਗੜ੍ਹ ਦੇ ਸੈਕਟਰ 23 ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿੱਚ ਦਾਖਲਾ ਲੈ ਲਿਆ। 1968 ਵਿੱਚ ਉਸ ਨੇ ਸੈਕਿੰਡ ਡਵੀਜ਼ਨ ਵਿੱਚ ਪੰਜਾਬ ਯੂਨੀਵਰਸਿਟੀ ਤੋਂ ਹਾਇਰ ਸੈਕੰਡਰੀ ਪਾਸ ਕੀਤੀ।



ਬੇਅੰਤ ਸਿੰਘ ਦੇ ਪਿਤਾ

1969-70 ਵਿੱਚ ਉਸ ਨੇ 300 ਵਿੱਚੋਂ 186 ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਤੋਂ ਰੂਸੀ ਭਾਸ਼ਾ ਦਾ ਡਿਪਲੋਮਾ ਪਾਸ ਕੀਤਾ। ਅਪਰੈਲ 1971 ਵਿੱਚ ਚੰਡੀਗੜ੍ਹ ਦੇ 11 ਸੈਕਟਰ ਦੇ ਲੜਕਿਆਂ ਦੇ ਸਰਕਾਰੀ ਕਾਲਜ ਵਿੱਚ ਪੜ੍ਹਨ ਸਮੇਂ ਬੀ. ਏ. ਦੇ ਆਖਰੀ ਸਾਲ ਸਮੇਂ ਉਸ ਨੇ ਇਮਤਿਹਾਨ ਨਹੀਂ ਸੀ ਦਿੱਤਾ ਪਰ ਇਸੇ ਸਾਲ ਸਤੰਬਰ ਵਿੱਚ ਉਸ ਨੇ ਸੈਕਿੰਡ ਕਲਾਸ ਤੋਂ ਦੋ ਨੰਬਰ ਘੱਟ ਵਿੱਚ ਇਹ ਇਮਤਿਹਾਨ ਪਾਸ ਕੀਤਾ।

ਬੀ. ਏ. ਪਾਸ ਕਰਨ ਤੋਂ ਬਾਅਦ ਬੇਅੰਤ ਸਿੰਘ ਦਿੱਲੀ ਚਲਾ ਗਿਆ ਅਤੇ 1972 ਵਿੱਚ ਦਿੱਲੀ ਪੁਲਿਸ ਵਿੱਚ ਰੀਜ਼ਰਵ ਕੋਟੇ ਵਿੱਚ ਬਤੌਰ ਸਬ ਇਨਸਪੈਕਟਰ ਭਰਤੀ ਹੋ ਗਿਆ।

ਭਾਵੇਂ ਉਸ ਦੇ ਚਾਚੇ ਬਹਾਦਰ ਸਿੰਘ ਨੇ 60ਵਿਆਂ ਦੇ ਸ਼ੁਰੂ ਵਿੱਚ ਹੀ ਸਾਰੇ ਬੱਚਿਆਂ ਨੂੰ ਅੰਮ੍ਰਿਤ ਛਕਾ ਦਿੱਤਾ ਸੀ ਪਰ 1968 ਵਿੱਚ ਕਾਲਜ ਦਾਖਲ ਹੁੰਦਿਆਂ ਹੀ ਬੇਅੰਤ ਸਿੰਘ 'ਪਤਿਤ ਅੰਮ੍ਰਿਤਧਾਰੀ' ਬਣ ਗਿਆ।



ਬੇਅੰਤ ਸਿੰਘ ਦੇ ਪਿਤਾ ਦਾ ਪਿੰਡ ਮਲੋਇਆ ਵਿੱਚ ਘਰ ਦਾ ਮੂਹਰਲਾ ਭਾਗ

ਚੰਡੀਗੜ੍ਹ ਦੇ ਨਾਲ ਪੈਂਦਾ ਕਾਫੀ ਵੱਡਾ ਪਿੰਡ ਮਲੋਇਆ ਅਸਲ ਵਿੱਚ ਰਾਜਪੂਤਾਂ ਦਾ ਪਿੰਡ ਹੈ। 1905 ਵਿੱਚ ਇੱਕ ਸਿੱਖ ਪ੍ਰਚਾਰਕ ਇਸ ਪਿੰਡ ਵਿੱਚ ਆਇਆ। ਇਸ ਪਿੰਡ ਦੇ ਹਰੀਜਨ ਜਿਹੜੇ ਕਿ ਉਦੋਂ ਤੱਕ 'ਅਧਰਮੀ' ਦੇ ਤੌਰ 'ਤੇ ਜਾਣੇ ਜਾਂਦੇ ਸਨ, ਸਿੱਖ ਧਰਮ ਵੱਲ ਪਰੇਰੇ ਗਏ। ਇਸ ਤੇ ਪਿੰਡ ਦੇ ਰਾਜਪੂਤ ਝਲਮ ਸਿੰਘ ਨੂੰ ਇਨਾ ਗੁੱਸਾ ਆਇਆ ਕਿ ਉਹ ਉਸ ਸਿੱਖ ਧਰਮ ਦੇ ਪ੍ਰਚਾਰਕ ਮਗਰ ਬਲਦੀ ਲੱਕੜ ਲੈ ਕੇ ਪੈ ਗਿਆ। ਪ੍ਰਚਾਰਕ ਤਾਂ ਉਸ ਪਿੰਡ ਵਿੱਚੋਂ ਚਲਿਆ ਗਿਆ ਪਰ ਸਿੱਖ ਧਰਮ ਦੀ ਚਿਣਗ ਪਿਛਾਂਹ ਛੱਡ ਗਿਆ। ਇਨ੍ਹਾਂ ਦਿਨਾਂ ਵਿੱਚ ਹੀ ਬੇਅੰਤ ਸਿੰਘ ਦੇ ਦਾਦੇ ਨੇ ਸਿੱਖ ਧਰਮ ਅਪਣਾਇਆ। ਉਦੋਂ ਤੋਂ ਹੀ ਪਿੰਡ ਦੇ ਹਰੀਜਨਾਂ ਨੇ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ ਜਿਹੜਾ ਕਿ ਬੇਅੰਤ ਸਿੰਘ ਦੇ ਘਰ ਦੇ ਬਿਲਕੁੱਲ ਸਾਹਮਣੇ ਪੈਂਦਾ ਹੈ।

ਬਚਪਨ ਦੇ ਦਿਨਾਂ ਵਿੱਚ ਬੇਅੰਤ ਸਿੰਘ ਆਪਣੇ ਸ਼ਰੀਕੇ ਤੋਂ ਲਗਦੇ ਭਾਈ ਸ੍ਰੀ ਰਣਧੀਰ ਸਿੰਘ, ਜਿਹੜਾ ਕਿ ਹਰੀਜਨ ਹੀ ਸੀ, ਦੀ ਲੜਕੀ ਸੁਖਵੰਤ ਕੌਰ ਨਾਲ ਖੇਡਿਆ ਕਰਦਾ ਸੀ। ਸੁਖਵੰਤ ਕੌਰ ਦੀਆਂ ਦੋ ਹੋਰ ਵੀ ਭੈਣਾਂ ਸਨ।

ਬਾਅਦ ਵਿੱਚ ਸੁਖਵੰਤ ਕੌਰ ਦਾ ਵਿਆਹ ਨਾਰਵੇ ਵਿੱਚ ਨਿਯੁਕਤ ਭਾਰਤੀ ਡਿਪਲੋਮੈਟ ਹਰਿੰਦਰ ਸਿੰਘ ਨਾਲ ਹੋ ਗਿਆ ਜਿਸ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਕੀਤੀ ਗਈ ਫੌਜੀ ਕਾਰਵਾਈ ਦੇ ਰੋਸ ਵਜੋਂ ਜੂਨ 1984 ਵਿੱਚ ਆਪਣੇ ਆਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਹਰਿੰਦਰ ਸਿੰਘ ਦਾ ਵੱਡਾ ਭਾਈ ਬੁਤਸ਼ਿਕਨ ਸਿੰਘ ਵੀ 'ਭਾਰਤੀ ਵਿਦੇਸ਼ੀ ਸੇਵਾ' ਵਿੱਚ ਇਸ ਸਮੇਂ ਬਹਿਰੀਨ ਵਿੱਚ ਨਿਯੁਕਤ ਹੈ। ਪਿਛਲੇ ਸਾਲ ਅਕਤੂਬਰ ਵਿੱਚ ਜਦੋਂ ਬੇਅੰਤ ਸਿੰਘ ਸ੍ਰੀਮਤੀ ਇੰਦਰਾ ਗਾਂਧੀ ਨਾਲ ਵਿਦੇਸ਼ੀ ਦੌਰੇ 'ਤੇ ਗਿਆ ਸੀ ਤਾਂ ਉਹ ਹਰਿੰਦਰ ਸਿੰਘ ਨੂੰ ਵੀ ਓਸਲੋ ਵਿਖੇ ਮਿਲਿਆ ਸੀ। ਸ਼ੁਰੂ ਵਿੱਚ ਤਾਂ ਸੁਖਵੰਤ ਕੌਰ ਉਸ ਨੂੰ ਪਛਾਣ ਵੀ ਨਹੀਂ ਸੀ ਸਕੀ। ਵਾਪਸ ਆ ਕੇ ਬੇਅੰਤ ਸਿੰਘ ਨੇ ਆਪਣੇ ਭਰਾਵਾਂ ਅਤੇ ਪਿਤਾ ਨੂੰ ਹਰਿੰਦਰ ਸਿੰਘ ਦੇ ਪਰਿਵਾਰ ਵੱਲੋਂ ਮਿਲੇ ਨਿੱਘੇ ਪਿਆਰ ਬਾਰੇ ਦੱਸਿਆ।

ਅਸਲ ਵਿੱਚ ਬੇਅੰਤ ਸਿੰਘ ਦੇ ਪਿਤਾ ਅਤੇ ਭਰਾਵਾਂ ਨੇ ਬੁਰਾ ਮਨਾਇਆ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਹ ਰਣਧੀਰ ਸਿੰਘ ਦੀ ਛੋਟੀ ਲੜਕੀ ਦੇ ਵਿਆਹ, ਜੋਕਿ ਕਰਨਾਟਕ ਕੇਡਰ ਦੇ ਅਤੇ ਹੁਣ ਦਿੱਲੀ ਨਿਯੁਕਤ ਆਈ. ਪੀ. ਐਸ. ਅਫਸਰ ਸਰਬਜੀਤ ਸਿੰਘ ਨਾਲ ਹੋ ਰਿਹਾ ਸੀ, ਵਿੱਚ ਸ਼ਾਮਲ ਹੋਇਆ ਸੀ। ਇਹ ਸ਼ਾਦੀ 1980 ਵਿੱਚ ਹੋਈ ਸੀ। ਬੇਅੰਤ ਸਿੰਘ ਦੇ ਘਰ ਵਾਲਿਆਂ ਦੇ ਰਣਧੀਰ ਸਿੰਘ ਜਿਹੜਾ ਕਿ 1955 ਵਿੱਚ ਪੰਜਾਬ ਸਿਵਲ ਸਰਵਿਸ ਵਿੱਚ ਨਿਯੁਕਤ ਹੋ ਗਿਆ ਸੀ, ਪਰਿਵਾਰ ਨਾਲ ਕੋਈ ਸੁਖਾਵੇਂ ਸਬੰਧ ਨਹੀਂ ਸਨ ਅਤੇ ਉਸ ਨੇ 60ਵਿਆਂ ਦੇ ਸ਼ੁਰੂ ਵਿੱਚ ਮਲੋਇਆ ਪਿੰਡ ਛੱਡ ਦਿੱਤਾ ਸੀ। ਬੇਅੰਤ ਸਿੰਘ ਦਾ ਸਭ ਤੋਂ ਵੱਡਾ ਭਰਾ, ਸ਼ਮਸ਼ੇਰ ਸਿੰਘ ਵੀ ਪੰਜਾਬ ਸਿਵਲ ਸਰਵਿਸ (ਜੁਡੀਸ਼ੀਲ ਬਰਾਂਚ) ਵਿੱਚ ਸੀ ਤੇ ਬਾਅਦ ਵਿੱਚ ਉਸ ਨੇ ਖਰੜ, ਕੁਰਾਲੀ, ਰੋਪੜ ਤੇ ਚੰਡੀਗੜ੍ਹ 'ਚ ਆਪਣੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਸੀ। ਉਹ ਮਾਰਕਸੀ ਖਿਆਲਾਂ ਦਾ ਹੈ ਅਤੇ ਬੇਅੰਤ ਸਿੰਘ ਉਸ ਦੇ ਪ੍ਰਭਾਵ ਹੇਠ ਸੀ।

ਗੁਰਦਰਸ਼ਨ ਸਿੰਘ, ਜਿਹੜਾ ਕਿ ਸ਼ਮਸ਼ੇਰ ਸਿੰਘ ਤੋਂ ਛੋਟਾ ਪਰ ਬੇਅੰਤ ਸਿੰਘ ਤੋਂ ਵੱਡਾ ਹੈ ਦਿੱਲੀ ਟੈਲੀਫੋਨ ਵਿਭਾਗ ਵਿੱਚ ਜੂਨੀਅਰ ਇੰਜਨੀਅਰ ਹੈ। ਉਹ ਸ. ਦਰਸ਼ਨ ਸਿੰਘ ਸਾਬਕਾ ਹੈਡ ਗਰੰਥੀ ਗੁਰਦੁਆਰਾ ਬੰਗਲਾ ਸਾਹਿਬ ਦੀ ਲੜਕੀ ਮੁਹਿੰਦਰ ਕੌਰ ਨਾਲ ਵਿਆਹਿਆ ਹੋਇਆ ਹੈ। ਇਹ ਅੰਤਰ-ਜਾਤੀ ਸ਼ਾਦੀ ਹੈ, ਕਿਉਂਕਿ ਸ. ਦਰਸ਼ਨ ਸਿੰਘ ਜੱਟ-ਸਿੱਖ ਹੈ। ਅਸ਼ੋਕਾ ਲਾਈਨਜ਼ ਵਿੱਚ ਜਾਣ ਤੋਂ ਪਹਿਲਾਂ ਬੇਅੰਤ ਸਿੰਘ ਵਿਸ਼ਨੂੰ ਨਗਰ ਵਿੱਚ ਰਹਿੰਦਾ ਸੀ। ਰਘਬੀਰ ਨਗਰ ਬੱਸ ਸਟੈਂਡ ਨੂੰ ਜਾਂਦਿਆਂ ਉਸ ਨੂੰ ਗੁਰਬਚਨ ਸਿੰਘ ਦੀਆਂ ਤਿੰਨ ਲੜਕੀਆਂ ਵਿੱਚ ਇੱਕ ਲੜਕੀ, ਬਿਮਲਾ ਦੇਵੀ, ਦੇ ਮਕਾਨ ਅੱਗੋਂ ਲੰਘਣਾ ਪੈਂਦਾ ਸੀ। ਬੇਅੰਤ ਸਿੰਘ ਤੇ ਬਿਮਲਾ ਦੇਵੀ ਦਾ ਪਿਆਰ ਪੈ ਗਿਆ ਜਿਹੜੀ ਮੈਟਰਿਕ ਕਰਨ ਤੋਂ ਬਾਅਦ ਲੇਡੀ ਹਾਰਡਿੰਗ ਹਸਪਤਾਲ ਵਿੱਚ ਨਰਸਿੰਗ ਦਾ ਕੋਰਸ ਕਰ ਰਹੀ ਸੀ ਤੇ ਫੇਰ 1976 ਵਿੱਚ ਬੇਅੰਤ ਸਿੰਘ ਦੇ ਕੁਲੀਗ ਸਬ ਇੰਨਸਪੈਕਟਰ ਹਰਦੇਵ ਸਿੰਘ ਨੇ ਬਿਮਲਾ ਅਤੇ ਬੇਅੰਤ ਸਿੰਘ ਵਿਚਕਾਰ ਸ਼ਾਦੀ ਦੀ ਗੱਲ ਤੋਰੀ। ਤੇ ਇਸੇ ਸਾਲ ਬੇਅੰਤ ਸਿੰਘ ਤੇ ਬਿਮਲਾ ਦੇਵੀ ਦਾ ਸਿੱਖ ਮਰਿਯਾਦਾ ਅਨੁਸਾਰ ਵਿਆਹ ਹੋ ਗਿਆ ਤੇ ਬੇਅੰਤ ਸਿੰਘ ਨੇ ਬਿਮਲਾ ਦੇਵੀ ਦਾ ਨਾਂ ਬਿਮਲਾ ਦੇਵੀ ਤੋਂ ਬਦਲ ਕੇ ਬਿਮਲਾ ਖਾਲਸਾ ਰੱਖ ਦਿੱਤਾ।

ਬੇਅੰਤ ਸਿੰਘ ਤੇ ਬਿਮਲ ਖਾਲਸਾ ਨੇ ਆਪਣੀ ਸਭ ਤੋਂ ਵੱਡੀ ਧੀ ਦਾ ਨਾਂ ਅੰਮ੍ਰਿਤ ਖਾਲਸਾ ਰੱਖਿਆ। ਬਿਮਲ ਨੂੰ ਆਪਣੇ ਪਤੀ ਦੀ ਸ਼ਰਾਬ ਪੀਣ ਦੀ ਆਦਤ ਅੱਛੀ ਨਹੀਂ ਸੀ ਲੱਗਦੀ ਜਦੋਂ ਕਿ ਖੁਲ੍ਹੇ ਡੁੱਲ੍ਹੇ ਸੁਭਾਅ ਦਾ ਮਾਲਕ ਬੇਅੰਤ ਸਿੰਘ ਆਪਣੇ ਦੋਸਤਾਂ ਨੂੰ ਵੀ ਪੀਣ-ਪਿਲਾਉਣ ਲਈ ਆਪਣੇ ਘਰ ਸੱਦ ਲੈਂਦਾ ਸੀ। ਬੇਅੰਤ ਸਿੰਘ ਨੇ ਆਪਣੇ ਪਿਤਾ ਅਤੇ ਆਪਣੇ ਭਰਾਵਾਂ ਨੂੰ ਦੱਸਿਆ ਕਿ ਸ੍ਰੀ ਆਰ. ਕੇ. ਧਵਨ ਦੀ ਸਹਾਇਤਾ ਨਾਲ ਹੀ ਉਹ ਸ੍ਰੀਮਤੀ ਇੰਦਰਾ ਗਾਂਧੀ ਨਾਲ ਵਿਦੇਸ਼ਾਂ ਵਿੱਚ ਜਾ ਸਕਿਆ। ਨਹੀਂ ਤਾਂ ਉਹ ਸ੍ਰੀਮਤੀ ਇੰਦਰਾ ਗਾਂਧੀ ਨਾਲ ਕਦੇ ਵੀ ਦਿੱਲੀ ਤੋਂ ਬਾਹਰ ਨਹੀਂ ਸੀ ਜਾ ਸਕਿਆ।

ਬਾਹਰੋਂ ਵਾਪਸੀ 'ਤੇ ਉਹ ਆਪਣੇ ਦਿੱਲੀ ਅਤੇ ਚੰਡੀਗੜ੍ਹ ਦੇ ਦੋਸਤਾਂ-ਮਿਤਰਾਂ ਲਈ ਤੋਹਫੇ ਲੈ ਕੇ ਆਇਆ ਸੀ। ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਕਾਰਵਾਈ ਤੋਂ ਬਾਅਦ ਬੇਅੰਤ ਸਿੰਘ ਦੇ ਵਿਚਾਰ ਇੱਕ ਦਮ ਬਦਲ ਗਏ। ਉਹ ਗੁਰਦੁਆਰਾ ਮੋਤੀ ਬਾਗ ਦੇ ਦਫਤਰ ਵਿੱਚ ਡਾਇਰੈਕਟਰ ਜਨਰਲ, ਸਪਲਾਈਜ਼ ਐਂਡ ਡਿਸਪੋਜ਼ਲ ਦੇ ਸਹਾਇਕ ਦੇ ਆਹੁਦੇ 'ਤੇ ਨਿਯੁਕਤ ਆਪਣੇ ਚਾਚਾ ਦੀ ਸੰਗਤ ਕਰਨ ਲੱਗ ਪਿਆ। ਜੁਲਾਈ ਵਿੱਚ ਪੰਜਾਬ ਦੇ ਇੱਕ ਪ੍ਰਸਿੱਧ ਰਾਗੀ ਨੇ ਗੁਰਦੁਆਰੇ ਵਿੱਚ 'ਵਿਰਾਗ ਕਥਾ' ਦਾ ਕੀਰਤਨ ਕੀਤਾ। ਬੇਅੰਤ ਸਿੰਘ ਦਾ ਦਿਲ ਭਰ ਆਇਆ ਅਤੇ ਉਹ ਰੋਣ ਲੱਗ ਪਿਆ। ਇਸ ਮੌਕਾ ਸੀ ਜਦੋਂ ਕੇਹਰ ਸਿੰਘ ਨੇ ਉਸ ਨੂੰ ਰੋਣ ਦੀ ਥਾਂ 'ਬਦਲਾ' ਲੈਣ ਲਈ ਆਖਿਆ।

ਗੱਲ ਬੇਅੰਤ ਸਿੰਘ ਨੂੰ ਜੱਚ ਗਈ। ਕਿਹਾ ਜਾਂਦਾ ਹੈ ਕਿ ਇਹ ਗੱਲ ਉਸ ਨੇ ਆਪਣੇ ਇੱਕ ਦੋਸਤ ਸਬ ਇਨਸਪੈਕਟਰ ਅਮਰਜੀਤ ਸਿੰਘ ਨਾਲ ਸਾਂਝੀ ਕੀਤੀ ਜਿਹੜਾ ਕਿ ਮੋਨਾ ਹਰੀਜਨ ਹੈ। ਉਨ੍ਹਾਂ ਨੇ 15 ਅਗਸਤ ਤੋਂ ਪਹਿਲਾਂ ਸ੍ਰੀਮਤੀ ਗਾਂਧੀ ਦੀ ਹੱਤਿਆ ਕਰਨ ਦੀ ਸਾਜ਼ਿਸ਼ ਰਚੀ। ਬੇਅੰਤ ਸਿੰਘ ਨੇ ਬਾਅਦ ਵਿੱਚ ਕੇਹਰ ਸਿੰਘ ਨੂੰ ਦੱਸਿਆ ਕਿ ਅਮਰਜੀਤ ਸਿੰਘ ਵਾਇਦੇ ਤੋਂ ਤਿੜਕ ਗਿਆ ਹੈ। ਉਸ ਨੇ ਇਹ ਵੀ ਦੱਸਿਆ ਕਿ ਉਹ ਆਪਣੇ ਇਰਾਦਾ ਦਾ ਪੱਕਾ ਹੈ ਤੇ ਉਸ ਨੇ ਇਸ ਕੰਮ ਲਈ ਇੱਕ ਸਿਪਾਹੀ ਸਤਵੰਤ ਸਿੰਘ ਨੂੰ ਆਪਣੇ ਸਾਂਝੀਵਾਲ ਦੇ ਤੌਰ 'ਤੇ ਤਿਆਰ ਕਰ ਲਿਆ ਹੈ। ਇਸ ਤੋਂ ਬਾਅਦ ਸਤਵੰਤ ਸਿੰਘ ਉਸ ਦੇ ਘਰ ਗਾਹੇ-ਬਗਾਹੇ ਆਉਣ ਲੱਗ ਪਿਆ। ਜਿਉਂ ਜਿਉਂ ਸਮਾਂ ਬੀਤਦਾ ਗਿਆ ਬੇਅੰਤ ਸਿੰਘ ਹੋਰ ਵਧੇਰੇ ਧਾਰਮਿਕ ਹੁੰਦਾ ਗਿਆ। 10 ਅਕਤੂਬਰ ਨੂੰ ਬੇਅੰਤ ਸਿੰਘ ਨੇ ਆਪਣੀ ਪਤਨੀ ਨੂੰ ਦੱਸਿਆ ਕਿ ਉਹ ਜਲਦੀ ਹੀ 'ਸ਼ਹੀਦ' ਹੋ ਜਾਵੇਗਾ। ਬਿਮਲ ਉਸ ਦੀ ਇਹ ਗੱਲ ਨਹੀਂ ਸੀ ਸਮਝ ਸਕੀ। 14 ਅਕਤੂਬਰ ਨੂੰ ਬੇਅੰਤ ਸਿੰਘ ਖੁਲ੍ਹੀ ਦਾੜ੍ਹੀ ਅਤੇ ਕੁੜਤੇ ਪਜਾਮੇ ਨਾਲ ਘਰੋਂ ਨਿਕਲਿਆ। ਉਹ ਕੇਹਰ ਸਿੰਘ ਦੇ ਘਰ ਗਿਆ ਤੇ ਇਸ ਤੋਂ ਬਾਅਦ ਗੁਰਦੁਆਰਾ ਮੋਤੀ ਬਾਗ ਅਤੇ ਫਿਰ ਅੰਮ੍ਰਿਤ ਛਕਣ ਲਈ ਆਰ. ਕੇ. ਪੁਰਮ ਸੈਕਟਰ 6 ਨੂੰ ਤੁਰ ਪਿਆ। ਉਸ ਨੂੰ ਬਚਪਨ ਵਿੱਚ ਛਕੇ ਅੰਮ੍ਰਿਤ ਨੂੰ ਨਾ ਨਿਭਾ ਸਕਣ ਕਰਕੇ ਸਜ਼ਾ ਵੀ ਦਿੱਤੀ ਗਈ। ਉਸ ਨੂੰ ਗੁਰਦੁਆਰੇ ਦੇ ਫਰਸ਼ ਨੂੰ ਝਾੜੂ ਨਾਲ ਸਾਫ ਕਰਨ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਆਖਿਆ ਗਿਆ। ਬੇਅੰਤ ਸਿੰਘ ਨੇ ਵਾਇਦਾ ਕੀਤਾ ਕਿ ਉਹ ਆਪਣੀ ਘਰ ਵਾਲੀ ਬਿਮਲ ਨੂੰ ਵੀ ਇੱਕ ਹਫਤੇ ਦੇ ਅੰਦਰ ਅੰਮ੍ਰਿਤ ਛਕਾ ਦੇਵੇਗਾ। 17 ਅਕਤੂਬਰ ਨੂੰ ਬੇਅੰਤ ਸਿੰਘ ਬਿਮਲ ਨੂੰ ਗੁਰਦੁਵਾਰਾ ਸੀਸ ਗੰਜ ਲੈ ਗਿਆ ਜਿਥੇ ਉਸ ਨੇ ਵੀ ਅੰਮ੍ਰਿਤ ਛਕਿਆ।

20 ਅਕਤੂਬਰ ਦੇ ਤੜਕੇ ਬੇਅੰਤ ਸਿੰਘ, ਬਿਮਲ ਅਤੇ ਉਨ੍ਹਾਂ ਦੇ ਤਿੰਨ ਬੱਚੇ ਆਰ. ਕੇ. ਪੁਰਮ ਦੇ ਸੈਕਟਰ 12 ਵਿੱਚ ਕੇਹਰ ਸਿੰਘ ਦੇ ਘਰ ਪੁੱਜੇ। ਬੇਅੰਤ ਸਿੰਘ ਪਾਸ ਦਿੱਲੀ-ਅੰਮ੍ਰਿਤਸਰ ਲਈ ਚਾਰ ਰੇਲਵੇ ਟਿਕਟ ਸਨ। ਕੇਹਰ ਸਿੰਘ ਤੇ ਉਸ ਦੀ ਪਤਨੀ ਜਗੀਰ ਕੌਰ ਜਿਹੜੀ ਪਿੱਛੋਂ ਬੇਅੰਤ ਸਿੰਘ ਦੇ ਸ਼ਰੀਕੇ ਵਿੱਚੋਂ ਸੀ ਉਨ੍ਹਾਂ ਨਾਲ ਸੁਪਰ ਫਾਸਟ ਗੱਡੀ ਰਾਹੀਂ ਅੰਮ੍ਰਿਤਸਰ ਜਾਣ ਲਈ ਤਿਆਰ ਹੋ ਗਏ। 21 ਅਕਤੂਬਰ ਨੂੰ ਅਕਾਲ ਤਖਤ ਵਿਖੇ ਬੇਅੰਤ ਸਿੰਘ ਨੇ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਕਰਨ ਦੀ ਕਸਮ ਖਾਧੀ। ਅਰਦਾਸ ਕੀਤੀ ਗਈ ਅਤੇ ਬੇਅੰਤ ਸਿੰਘ ਨੂੰ ਗੇਂਦੇ ਦੇ ਪੰਜ ਫੁੱਲ ਭੇਟ ਕੀਤੇ ਗਏ।

ਭਾਵੇਂ ਬੇਅੰਤ ਸਿੰਘ ਹਰਿਮੰਦਰ ਸਾਹਿਬ ਸਤਵੰਤ ਸਿੰਘ ਨੂੰ ਮਿਲਣਾ ਚਾਹੁੰਦਾ ਸੀ ਪਰ ਸਤਵੰਤ ਸਿੰਘ ਇੱਥੇ ਨਹੀਂ ਸੀ ਪਹੁੰਚ ਸਕਿਆ। ਆਖਰੀ ਮੀਟਿੰਗ ਬੇਅੰਤ ਸਿੰਘ ਦੇ ਘਰ ਕੀਤੀ ਗਈ। ਜਿਸ ਵਿੱਚ ਕਿ ਬੇਅੰਤ ਸਿੰਘ ਤੋਂ ਬਿਨਾਂ ਕੇਹਰ ਸਿੰਘ ਅਤੇ ਸਤਵੰਤ ਸਿੰਘ ਸ਼ਾਮਲ ਹੋਏ। ਕੀ ਬੇਅੰਤ ਸਿੰਘ ਮੁੜ ਸਰਬਜੀਤ ਸਿੰਘ ਰਾਹੀਂ ਹਰਿੰਦਰ ਸਿੰਘ ਨਾਲ ਸਬੰਧ ਬਣਾ ਸਕਿਆ ਜਾਂ ਨਹੀਂ - ਇਹ ਗੱਲ ਅੱਜੇ ਨਿਰਧਾਰਤ ਕੀਤੀ ਜਾਣੀ ਬਾਕੀ ਹੈ। ਕੇਹਰ ਸਿੰਘ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਨੇ ਵੀ ਬੇਅੰਤ ਸਿੰਘ ਨੂੰ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਕਰਨ ਲਈ ਉਕਸਾਇਆ ਜਾਨਣਾ ਬਾਕੀ ਹੈ।



ਬਿਮਲ ਖਾਲਸਾ

ਸ਼ਮਸ਼ੇਰ ਸਿੰਘ ਦਾ ਖਿਆਲ ਹੈ ਕਿ ਉਸ ਦੇ ਭਰਾ ਬੇਅੰਤ ਸਿੰਘ ਨੇ ਸ੍ਰੀਮਤੀ ਗਾਂਧੀ ਦਾ ਕਤਲ ਪੈਸੇ ਲਈ ਨਹੀਂ ਸਗੋਂ ਧਾਰਮਿਕ ਜਜ਼ਬਾਤਾਂ ਅਧੀਨ ਕੀਤਾ ਹੈ। ਬੇਅੰਤ ਸਿੰਘ ਵਿੱਚ, ਉਸ ਦੇ ਦੱਸਣ ਅਨੁਸਾਰ ਅੰਮ੍ਰਿਤਧਾਰੀ ਸਿੱਖਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ, ਕੌਮੀ ਭਾਵਨਾ ਬਾਕੀ ਨਹੀਂ ਸੀ ਰਹਿ ਗਈ। ਜਦੋਂ ਸੁੱਚਾ ਸਿੰਘ ਅਤੇ ਉਸ ਦੇ ਚਾਰ ਪੁੱਤਰ ਸ਼ਮਸ਼ੇਰ ਸਿੰਘ, ਗੁਰਦਰਸ਼ਨ ਸਿੰਘ, ਕਿਰਪਾਲ ਸਿੰਘ ਅਤੇ ਭਗਤ ਸਿੰਘ ਨੂੰ ਬੇਅੰਤ ਸਿੰਘ ਨੂੰ ਮਿਲੇ 'ਵਿਦੇਸ਼ੀ ਪੈਸੇ' ਬਾਰੇ ਪੁਲਿਸ ਦੁਆਰਾ ਪੁੱਛ ਗਿੱਛ ਕੀਤੀ ਗਈ। 76 ਸਾਲਾ ਸੁੱਚਾ ਸਿੰਘ ਆਪਣੀ ਖੱਡੀ ਤੇ 6 ਜਾਂ 8 ਘੰਟੇ ਰੋਜ਼ ਕੰਮ ਕਰਦਾ ਹੈ ਤੇ ਮਸਾਂ 15 ਤੋਂ 30 ਰੁਪਏ ਕਮਾਉਂਦਾ ਹੈ ਜਿਸ ਨਾਲ ਮਸਾਂ ਗੁਜ਼ਾਰਾ ਚਲਦਾ ਹੈ। ਉਸ ਦੀ ਪਤਨੀ ਸਤੰਬਰ ਤੋਂ ਉਸ ਨਾਲ ਰਹਿ ਰਹੀ ਹੈ ਜਦੋਂ ਪਿਛਲੀ ਵਾਰ ਬੇਅੰਤ ਸਿੰਘ ਪਿੰਡ ਆਇਆ ਸੀ ਤੇ ਉਸ ਨੂੰ ਦਿੱਲੀ ਜਾਣ ਲਈ ਪ੍ਰੇਰਿਆ ਸੀ। ਕਿਉਂਕਿ ਬੇਅੰਤ ਸਿੰਘ ਅਤੇ ਉਸ ਦੀ ਪਤਨੀ ਦੇ

(ਬਾਕੀ ਪੰਨਾ 12 ਤੇ)

ਕੈ ਨੇ ਡਾ ਦ ਰ ਪ ਣ

ਧਰਮ-ਅਸਥਾਨਾਂ ਦੇ ਟੈਕਸ ਲਾਈਸੈਂਸਾਂ ਦੀ ਸਰਕਾਰੀ ਪੜਤਾਲ ਦਾ ਡਰ

ਵੈਨਕੂਵਰ - ਭਰੋਸੇਯੋਗ ਵਸੀਲੇ ਤੋਂ ਪਤਾ ਲੱਗਿਆ ਹੈ ਕਿ ਅਮਰੀਕਾ ਅਤੇ ਕੈਨੇਡਾ ਸਰਕਾਰਾਂ ਦੇ ਇਨਕਮ ਟੈਕਸ ਮਹਿਕਮੇ ਕੁੱਝ ਧਾਰਮਿਕ ਅਸਥਾਨਾਂ ਬਾਰੇ ਛੇਤੀ ਹੀ ਉਚੇਚੀ ਪੜਤਾਲ ਕਰਨ ਦੀ ਸਕੀਮ ਬਣਾ ਰਹੇ ਹਨ। ਟੈਕਸ ਵਾਲਿਆਂ ਦਾ ਕਹਿਣਾ ਹੈ ਕਿ ਧਰਮ ਅਸਥਾਨਾਂ ਵਿੱਚ ਇਕੱਠੀ ਹੋਈ ਮਾਇਆ ਸਿਰਫ ਧਾਰਮਿਕ ਕੰਮਾਂ ਲਈ ਹੀ ਵਰਤੀ ਜਾਣੀ ਚਾਹੀਦੀ ਹੈ, ਤਾਂ ਹੀ ਸਰਕਾਰ ਵੱਲੋਂ ਮਿਲੇ ਇਨਕਮ ਟੈਕਸ ਲਾਇਸੰਸ ਨੰਬਰ ਦੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ।

ਪਤਾ ਲੱਗਾ ਹੈ ਕਿ ਧਾਰਮਿਕ ਅਸਥਾਨਾਂ ਵੱਲੋਂ ਸ਼ਰੇਆਮ ਖੁਲ੍ਹੇ ਤੌਰ ਉਤੇ ਹੋ ਰਹੀਆਂ ਸਿਆਸੀ ਕਾਰਵਾਈਆਂ ਨੂੰ ਇਨਕਮ ਟੈਕਸ ਮਹਿਕਮੇ ਬਹੁਤ ਗਹੁ ਅਤੇ ਦਿਲਚਸਪੀ ਨਾਲ ਵਾਚ ਰਹੇ ਹਨ। ਡਰ ਹੈ ਕਿ ਕਿਤੇ ਇੰਨ੍ਹਾਂ ਕਾਰਵਾਈਆਂ ਦੀ ਪੱਜ ਪਾ ਕੇ ਧਾਰਮਿਕ ਅਸਥਾਨਾਂ ਉਤੇ ਇਨਕਮ ਟੈਕਸ ਨਾ ਠੋਕ ਦਿੱਤਾ ਜਾਵੇ। ਜਾਂ ਲਾਇਸੈਂਸ ਨੰਬਰ ਹੀ ਨਾ ਕੈਂਸਲ ਹੋ ਜਾਣ।

ਪਰਮਿੰਦਰ ਸਿੰਘ ਢਾਂਡੀ ਕਤਲ

ਵੈਨਕੂਵਰ - ਰੇਲਵੇ ਯੂਨੀਅਨ ਦੀਆਂ ਚੋਣਾਂ ਸਮੇਂ ਝਗੜੇ ਕਾਰਨ ਪਰਮਿੰਦਰ ਸਿੰਘ ਢਾਂਡੀ ਨਾਂ ਦਾ 26 ਸਾਲਾ ਨੌਜਵਾਨ ਛੁਰੇ ਲੱਗਣ ਕਾਰਨ ਮਾਰਿਆ ਗਿਆ ਅਸ਼ਬੇਗ ਸਿੰਘ ਹੁੰਦਲ ਨਾਂ ਦੇ ਵਿਅਕਤੀ ਤੇ ਸੈਕਿੰਡ ਡਿਗਰੀ ਕਤਲ ਦਾ ਚਾਰਜ ਲਾਏ ਜਾਣ ਦੀ ਖਬਰ ਹੈ।

ਦੇਸ਼ ਭਗਤ ਟੈਂਪਲ ਵਿੱਚ ਬੰਬ ਧਮਾਕਾ

ਵੈਨਕੂਵਰ - ਮੇਨ ਸਟਰੀਟ ਸਥਿਤ ਦੇਸ਼ ਭਗਤ ਟੈਂਪਲ ਵਿੱਚ ਪਿਛਲੇ ਸ਼ੁਕਰਵਾਰ ਰਾਤ ਦੇ 10 ਵਜੇ ਬੰਬ ਧਮਾਕਾ ਹੋਣ ਦੀ ਸੂਚਨਾ ਹੈ। ਉਸ ਸਮੇਂ ਰਵਿਦਾਸ ਸਭਾ ਵੱਲੋਂ ਪਾਠ ਕਰਵਾਇਆ ਜਾ ਰਿਹਾ ਸੀ ਅਤੇ ਹਾਲ ਅੰਦਰ 50 ਦੇ ਕਰੀਬ ਵਿਅਕਤੀ ਮੌਜੂਦ ਸਨ। ਹਾਲ ਵਿੱਚ ਗੈਸ ਫੈਲਣ ਕਾਰਨ ਸਾਰੇ ਵਿਅਕਤੀ ਬਾਹਰ ਕੱਢ ਦਿੱਤੇ ਗਏ ਸਨ। ਗੈਸ ਦੇ ਮੀਟਰ ਨਾਲ ਬੰਬ ਲਾਇਆ ਗਿਆ ਸੀ। ਜਿਸ ਨਾਲ ਗੈਸ ਮੀਟਰ ਦਾ ਨੁਕਸਾਨ ਹੋਇਆ ਅਤੇ ਟੈਂਪਲ ਦੀ ਕੰਧ ਦਾ ਵੀ ਨੁਕਸਾਨ ਹੋਣ ਦੀ ਖਬਰ ਹੈ।

ਗੈਸ ਲੀਕ ਹੋਣ ਕਾਰਨ ਪੁਲਿਸ ਨੇ 41 ਐਵੇਨਿਊ ਤੇ 45 ਐਵੇਨਿਊ ਵਿਚਕਾਰ ਟਰੈਫਿਕ ਰੋਕ ਦਿੱਤਾ ਪਰ ਫਾਇਰ ਵਾਲਿਆਂ, ਕੁੱਝ ਸਮੇਂ ਅੰਦਰ ਹੀ ਗੈਸ ਬੰਦ ਕਰ ਦਿੱਤੀ ਅਤੇ ਪੁਲਿਸ ਵੱਲੋਂ ਲਾਈਆਂ ਰੋਕਾਂ ਹਟਾ ਦਿੱਤੀਆਂ ਗਈਆਂ।

ਟੈਂਪਲ ਵਿੱਚ ਗਏ ਵਿਅਕਤੀਆਂ ਨੂੰ ਅੱਧਾ ਘੰਟਾ ਬਾਹਰ ਮੀਂਹ ਵਿੱਚ ਖੜ੍ਹਨਾ ਪਿਆ। ਚਾਰ ਸ਼ਰਾਬੀ ਗੋਰਿਆਂ ਵੱਲੋਂ ਇਕ ਪਹਿਰੇ ਤੇ ਖੜ੍ਹੇ ਵਿਅਕਤੀ ਨੂੰ ਵੀ ਕੁੱਟਿਆ ਗਿਆ।

ਸੁਨੀਲ ਦੱਤ ਵਲੋਂ ਚੋਣ ਮੁਹਿੰਮ ਸ਼ੁਰੂ

ਬੰਬਈ, (ਯੂ. ਐਨ. ਆਈ.)— ਫਿਲਮ ਸਿਤਾਰੇ ਸੁਨੀਲ ਦੱਤ ਵਲੋਂ ਅਜ ਪਦਯਾਤਰਾ ਨਾਲ ਆਪਣੀ ਚੋਣ ਮੁਹਿੰਮ ਦਾ ਸ੍ਰੀਗਣੇਸ਼ ਕੀਤਾ ਗਿਆ। ਉਹ ਕਾਂਗਰਸ (ਆਈ) ਟਿਕਟ 'ਤੇ ਬੰਬਈ ਦੇ ਉਤਰੀ - ਪੱਛਮੀ ਹਲਕੇ ਤੋਂ ਲੋਕ ਸਭਾ ਲਈ ਚੋਣ ਲੜ ਰਹੇ ਹਨ।

ਰਾਜੀਵ ਦੇ ਨਾਜਾਇਜ਼ ਪ੍ਰਚਾਰ ਨੂੰ ਬੰਦ ਕਰੋ-ਮੇਨਕਾ

ਨਵੀਂ ਦਿੱਲੀ, (ਪੀ. ਟੀ. ਆਈ.)— ਰਾਜਸੀ ਸੰਜੇ ਮੰਚ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਚੋਣ ਸਰਗਰ-ਮੀਆਂ ਨੂੰ ਖਬਰਾਂ ਦੀ ਰੰਗਤ ਦੇ ਕੇ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਤੋਂ ਪ੍ਰਸਾ-ਰਿਤ ਕਰਨ 'ਤੇ ਪੱਕੇ ਤੌਰ 'ਤੇ ਮਨਾਹੀ ਲਾਗੂ ਕੀਤੀ ਜਾਏ।

ਕੈਨੇਡੀਅਨ ਸੰਸਥਾਵਾਂ ਵੱਲੋਂ ਭੂਪਾਲ ਦੇ ਲੋਕਾਂ ਦੀ ਸਹਾਇਤਾ

ਅਟਵਾ - ਕੈਨੇਡਾ ਵਿੱਚ ਅਧਾਰਿਤ ਇੱਕ ਦਾਨੀ ਸੰਸਥਾ ਵੱਲੋਂ ਭੂਪਾਲ ਵਿੱਚ ਹੋਏ ਦੁਖਾਂਤ ਦਾ ਸ਼ਿਕਾਰ ਲੋਕਾਂ ਲਈ ਇੱਕ ਲੱਖ ਡਾਲਰ ਦੀ ਸਹਾਇਤਾ ਭੇਜੀ ਜਾ ਰਹੀ ਹੈ ਅਤੇ ਹੋਰ ਢਾਈ ਲੱਖ ਡਾਲਰ ਇਕੱਤਰ ਕੀਤਾ ਜਾ ਰਿਹਾ ਹੈ। ਇਸ ਸੰਸਥਾ ਦਾ ਨਾਂ 'ਅਪਰੇਸ਼ਨ ਆਈਸਾਈਟ ਯੂਨੀਵਰਸਲ' ਹੈ।

ਇੰਗਲੈਂਡ ਦੀ ਰਾਇਲ ਕਾਮਨਵੈਲਥ ਸੁਸਾਇਟੀ ਵੱਲੋਂ ਵੀ ਢਾਈ ਲੱਖ ਪੌਂਡ ਭੇਜੇ ਜਾ ਰਹੇ ਹਨ ਤਾਂ ਕਿ ਅਮਰੀਕਨ ਜ਼ਹਿਰ ਦੇ ਅਸਰ ਥੱਲੇ ਜ਼ਖਮੀਂ ਲੋਕਾਂ ਨੂੰ ਸਹਾਇਤਾ ਪਹੁੰਚਾਈ ਜਾ ਸਕੇ।

ਅੱਖਾਂ ਦੇ ਮਾਹਿਰਾਂ ਦੀ ਇਕ ਟੋਲੀ ਭੂਪਾਲ ਪਹੁੰਚ ਚੁੱਕੀ ਹੈ ਜੋ 3 ਦਸੰਬਰ ਨੂੰ ਹੋਏ ਦੁਖਾਂਤ ਵਿੱਚ ਜ਼ਖਮੀਂ ਲੋਕਾਂ ਦਾ ਮੁਆਇਨਾ ਕਰ ਰਹੀ ਹੈ। ਇਸ ਦੁਖਾਂਤ ਵਿੱਚ 2500 ਦੇ ਕਰੀਬ ਵਿਅਕਤੀ ਮਰ ਚੁੱਕੇ ਹਨ ਤੇ ਢਾਈ ਲੱਖ ਜ਼ਖਮੀਂ ਹੋਏ ਹਨ। ਬਰਨਬੀ ਦੇ ਅੱਖਾਂ ਦੇ ਡਾਕਟਰ ਅਤੇ ਐਡਮਿੰਟਨ ਦੇ ਇੱਕ ਡਾਕਟਰ ਨੇ ਆਪਣੇ ਖਰਚੇ ਤੇ ਜਾਣ ਦਾ ਇਰਾਦਾ ਜ਼ਾਹਿਰ ਕੀਤਾ ਹੈ। ਉਹ ਡਾਕਟਰੀ ਟੋਲੀਆਂ ਨਾਲ ਸਫਰ ਕਰਨਗੇ।

ਡਾਕਟਰਾਂ ਦੀ ਹੜਤਾਲ

ਇਸੇ ਦੌਰਾਨ ਭੂਪਾਲ ਵਿੱਚ 1000 ਡਾਕਟਰਾਂ ਨੇ ਇੱਕ ਰਾਜਸੀ ਲੀਡਰ ਵੱਲੋਂ ਇੱਕ ਡਾਕਟਰ ਨੂੰ ਬੁਰਾ ਭਲਾ ਕਹਿਣ ਕਾਰਨ ਹੜਤਾਲ ਕਰ ਦਿੱਤੀ। ਇਹ ਘਟਨਾ ਭੂਪਾਲ ਦੇ ਸਭ ਤੋਂ ਵੱਡੇ ਹਸਪਤਾਲ ਹਮੀਦੀਆ ਵਿੱਚ ਵਾਪਰੀ। ਦੁਖਦਾਈ ਘਟਨਾ ਵਾਪਰਨ ਤੋਂ ਪਿੱਛੋਂ ਲੱਗਪਗ 30,000 ਲੋਕਾਂ ਦਾ ਇਲਾਜ ਇਸੇ ਹਸਪਤਾਲ ਵਿੱਚ ਕੀਤਾ ਗਿਆ ਹੈ। ਹੜਤਾਲ ਦੌਰਾਨ ਹੀ ਨੋਬਲ ਇਨਾਮ ਜੇਤੂ ਮਦਰ ਟੈਰੇਸਾ ਨੇ ਹਸਪਤਾਲ ਦਾ ਦੌਰਾ ਕੀਤਾ ਅਤੇ ਯਤੀਮ ਹੋਏ ਬੱਚਿਆਂ ਨੂੰ ਦੇਖਿਆ ਅਤੇ ਉਨ੍ਹਾਂ ਲਈ ਅਰਦਾਸ ਕੀਤੀ। 74 ਸਾਲਾ ਬਿਰਧ ਟੈਰੇਸਾ ਨੇ ਕਿਹਾ ਕਿ ਇਸ ਭਿਆਨਕ ਦੁਖਾਂਤ ਸਮੇਂ ਦੁੱਖੀ ਲੋਕਾਂ ਨੂੰ ਸਹਾਇਤਾ ਦੀ ਲੋੜ ਹੈ।

ਸੁਰਜੀਤ ਵਲੋਂ ਰਾਜੀਵ ਦੇ ਬਿਆਨ ਦਾ ਖੰਡਨ

ਪ੍ਰਤੀਨਿਧ)— ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਪੋਲਿਟ ਬਿਊਰੋ ਦੇ ਮੈਂਬਰ ਸ੍ਰੀ ਹਰਕਿਸ਼ਨ ਸਿੰਘ ਸੁਰਜੀਤ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਇਹ ਕਹਿਣਾ ਠੀਕ ਨਹੀਂ ਹੈ ਕਿ ਪੰਜਾਬ ਵਿਚ ਅਤਿਵਾਦੀਆਂ

ਨੂੰ ਵਿਰੋਧੀ ਧਿਰ ਨੇ ਥਪਕੀ ਦਿਤੀ ਅਤੇ ਪੰਜਾਬ ਸਮੱਸਿਆ ਦੇ ਹੱਲ ਦੇ ਰਾਹ ਵਿਚ ਰੋੜੇ ਅਟਕਾਏ।

ਇੱਕ ਚਿੱਠੀ ਕੈਨੇਡਾ ਤੋਂ

ਖਾਲਿਸਤਾਨੀ ਲੀਡਰ ਭੋਲੇ ਭਾਲੇ ਲੋਕਾਂ ਦੇ ਲੱਖਾਂ ਡਾਲਰ ਹਜ਼ਮ ਕਰ ਰਹੇ ਹਨ।

ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਦੇ ਖਾਲਿਸਤਾਨੀ ਲੀਡਰ ਕਿਸ ਤਰ੍ਹਾਂ ਭੋਲੇ ਭਾਲੇ ਲੋਕਾਂ ਤੋਂ ਲੱਖਾਂ ਡਾਲਰ ਬਟੋਰ ਕੇ ਆਪ ਦੇ ਢਿੱਡਾਂ ਵਿੱਚ ਪਾ ਰਹੇ ਹਨ। ਇਸ ਦਾ ਪਤਾ ਕੈਨੇਡਾ ਤੋਂ ਨਿਕਲਦੇ ਖਾਲਿਸਤਾਨੀ ਅਖਬਾਰ ਇੰਡੋ-ਕਨੇਡੀਅਨ ਤੋਂ ਪਤਾ ਲੱਗਦਾ ਹੈ। ਮੈਂ ਸਮਤਾ ਦੇ ਪਾਠਕਾਂ ਲਈ ਇੰਡੋ-ਕਨੇਡੀਅਨ ਟਾਈਮਜ਼ ਦੇ 14 ਸਤੰਬਰ 1984 ਦੇ ਅੰਕ 'ਚ ਛਪਿਆ ਸੰਪਾਦਕੀ ਦਾ ਇਕ ਅੰਸ਼ ਭੇਜ ਰਿਹਾ ਹਾਂ ਤਾਂ ਕਿ ਖਾਲਿਸਤਾਨ ਦੀ ਮਦਦ ਕਰਨ ਵਾਲੇ 'ਲੀਡਰਾਂ' ਦੀ ਅਸਲੀਅਤ ਪੰਜਾਬ ਦੇ ਲੋਕਾਂ ਸਾਹਮਣੇ ਪੇਸ਼ ਕੀਤੀ ਜਾ ਸਕੇ। ਜੇ ਕਿਤੇ ਕੋਈ ਅਗਾਂਹ-ਵਧੂ ਪਰਚਾ ਇਹ ਲਿਖਦਾ ਹੈ ਕਿ ਖਾਲਿਸਤਾਨੀ ਲੋਕਾਂ ਦੇ ਪੈਸੇ ਖਾ ਰਹੇ ਹਨ ਤਾਂ ਖਾਲਿਸਤਾਨੀ ਕਹਿੰਦੇ ਹਨ ਕਿ ਇਹਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਖਾਲਿਸਤਾਨ ਦੀ ਮੰਗ ਦਾ ਸਮਰਥਨ ਕਰਨ ਵਾਲੇ ਪਰਚੇ ਦਾ ਸੰਪਾਦਕੀ ਇਸ ਪ੍ਰਕਾਰ ਹੈ:

- ਸਮਤਾ ਦਾ ਇੱਕ ਪਾਠਕ

ਸੰਪਾਦਕੀ

"ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।" -ਸ਼ਾਹ ਮੁਹੰਮਦ

ਅੱਜ ਜੋ ਆਪੋ ਧਾਪ ਪੰਥ ਦੇ ਨਾਂ 'ਤੇ ਪਈ ਹੈ, ਉਸ ਨੇ ਸਿਖ ਕੌਮ ਦੀ ਅਕਲ ਦਾ ਅੱਜ ਫਿਰ ਜਲੂਸ ਕੱਢ ਕੇ ਰੱਖ ਦਿੱਤਾ ਹੈ। ਵਿਸ਼ਵ ਦੀ ਕਿਸੇ ਇੱਕ ਸਰਕਾਰ ਨੇ ਵੀ ਜ਼ਾਹਰਾ ਤੌਰ ਤੇ ਸਿੱਖਾਂ ਤੇ ਹੋਏ ਕਤਲੇਆਮ ਸਬੰਧੀ ਹਾਅ ਦਾ ਨਾਹਰਾ ਨਹੀਂ ਮਾਰਿਆ। ਜਿੰਨ੍ਹਾਂ ਪੱਛਮੀ ਦੇਸ਼ਾਂ ਨੂੰ ਪੋਲੈਂਡ ਵਿੱਚ ਕਿਸੇ ਨੂੰ ਛਿੱਕ ਆ ਜਾਣ ਤੇ ਵੀ ਜ਼ੁਕਾਮ ਹੋ ਜਾਂਦਾ ਹੈ, ਉਹ ਵੀ ਚੁੱਪ ਹਨ! ਘੋਰ ਚੁੱਪ!! ਕਾਰਨ ਸਾਡੀ ਲੀਡਰਸ਼ਿਪ ਦੀ ਕਮਜ਼ੋਰੀ।

ਜੇ ਇੱਥੇ ਅਸੀਂ ਪੰਜਾਬ ਦੀ ਗੱਲ ਛੱਡ ਦੇਈਏ ਅਤੇ ਕੇਵਲ ਵਿਦੇਸ਼ਾਂ ਦੀ ਗੱਲ ਕਰੀਏ, ਤਾਂ ਵੀ ਅਸੀਂ ਇੱਥੇ ਰਹਿੰਦੇ ਹੋਏ ਤਿੰਨ ਸਦੀਆਂ ਪੁਰਾਣੇ ਦਾਅ-ਪੇਚ ਵਰਤ ਰਹੇ ਹਾਂ। ਕੌਮ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਜਦੋਂ ਇੱਕ ਸਰਕਾਰ ਦੇ ਮੁਕਾਬਲੇ ਤੇ ਦੂਸਰੀ ਅਤੇ ਇੱਕ ਸੰਸਥਾ ਦੇ ਮੁਕਾਬਲੇ ਤੇ ਦੂਸਰੀ ਸੰਸਥਾ ਤੁਰੰਤ ਖੜੀਆਂ ਕੀਤੀਆਂ ਜਾ ਰਹੀਆਂ ਹਨ। ਖਾਲਿਸਤਾਨ ਦੇ ਹਾਮੀ ਰਾਤੋ ਰਾਤ ਪੈਦਾ ਹੋ ਰਹੇ ਹਨ। ਕਈ ਇਸ ਤਰ੍ਹਾਂ ਦੀਆਂ ਵੀ ਜਥੇਬੰਦੀਆਂ ਹਨ, ਜਿੰਨ੍ਹਾਂ ਦੇ ਲੀਡਰ ਉਜੱਡ, ਅਨਪੜ੍ਹ ਤੇ ਗਵਾਰ ਕਿਸਮ ਦੇ ਬੰਦੇ ਹਨ ਪਰ ਫਿਰ ਵੀ ਮਕਾਰੀ ਭਰੀਆਂ ਲੂੰਬੜ ਚਾਲਾਂ ਨਾਲ ਧੜਾ ਧੜ ਡਾਲਰ ਤੇ ਪੌਂਡ ਇਕੱਤਰ ਕੀਤੇ ਜਾ ਰਹੇ ਹਨ। ਪੰਥ ਨੂੰ ਸ਼ਹੀਦਾਂ ਦਾ ਵਾਸਤਾ ਪਾ ਕੇ ਨੋਟਾਂ ਦੀਆਂ ਪੰਡਾਂ ਬੰਨ੍ਹੀਆਂ ਜਾ ਰਹੀਆਂ ਹਨ ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇੰਨ੍ਹਾਂ ਉਜੱਡ ਲੋਕਾਂ ਨੇ ਆਪਣੇ ਹੀ ਖੋਲ ਵਿੱਚ ਨਿਵਾਸ ਰੱਖ ਕੇ, ਨਾ ਤਾਂ ਕੋਈ ਲੋਬੀ ਕੀਤੀ ਹੈ ਨਾ ਕੀ ਕਿਸੇ ਦੇਸ਼ ਦੇ ਪ੍ਰਤੀਨਿਧ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਹੈ।

ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਹੋ ਰਹੀ ਕਿ, ਜੋ ਕੁੱਝ ਇਹ ਗਵਾਰ ਟੋਲੇ ਕਰ ਰਹੇ ਹਨ, ਉਸ ਨਾਲ ਇੰਨ੍ਹਾਂ ਦੇ ਆਪਣੇ ਢਿੱਡ ਤਾਂ ਸੰਗਤਾਂ ਦੇ ਪੈਸੇ ਨਾਲ ਜ਼ਰੂਰ ਭਰ ਜਾਣਗੇ। ਪਰ ਕੌਮ ਨਾਲ ਬਹੁਤ ਵੱਡੀ ਗੱਦਾਰੀ ਹੋਵੇਗੀ। ਜੋ ਪੈਸੇ ਇੰਨ੍ਹਾਂ ਨੇ ਆਪਣੇ ਢਿੱਡ ਭਰਨ ਲਈ ਸੰਗਤਾਂ ਦੇ ਵਰਤਣੇ ਹਨ, ਉਹੀ ਪੈਸੇ ਪੰਥ ਦੇ ਕੰਮ ਆਉਣੇ ਚਾਹੀਦੇ ਹਨ। ਲੋਕਾਂ ਦੇ ਪੈਸਿਆਂ ਤੇ ਮਹੱਲ ਉਸਾਰੇ ਜਾ ਰਹੇ ਹਨ। ਸਾਲਾਂ ਬੱਧੀ ਵਿਹਲੇ ਲੋਕ, ਜਿੰਨ੍ਹਾਂ ਨੂੰ ਇਕ ਸੈਂਟ ਦੀ ਵੀ ਆਮਦਨ ਨਹੀਂ ਦੂਸਰੇ ਤੇ ਤੀਸਰੇ ਘਰ ਖਰੀਦੀ ਜਾ ਰਹੇ ਹਨ। ਨਵੀਂਆਂ ਨਕੋਰ ਕਾਰਾਂ ਵਿੱਚ ਗਗਨੀ ਰੰਗ ਲਿਸ਼ਕਾਈ ਬੈਠੇ ਲੋਕ ਅੱਜ ਕੱਲ ਬੜੇ ਹੱਸ ਰਹੇ ਹਨ, ਕਿਉਂਕਿ ਲੱਛਮੀ ਦੇਵੀ ਦੀ ਖੂਬ ਮਿਹਰ ਹੈ। ਪਰ ਕੌਮ ਇਹ ਧੋਖਾ ਕਿਤਨਾ ਚਿਰ ਬਰਦਾਸ਼ਤ ਕਰਦੀ ਰਹੇਗੀ?......

(ਧੰਨਵਾਦ ਸਹਿਤ 'ਸਮਤਾ' ਵਿੱਚੋਂ)

ਜੀਭ-ਰਸ ਲਈ ਘੜ ਕੇ ਅਫ਼ਵਾਹਾਂ 'ਨਰੇਸ਼',
ਸੱਚ ਨੂੰ ਕਿੱਦਾਂ ਨਿਗਲ ਜਾਂਦੇ ਨੇ ਲੋਕ।

ਸਾ ਹਿ ਤ ਦ ਰ ਪ ਣ

ਕਹਾਣੀ

"ਭਾਪਾ"

- ਤੇਜ ਸੰਧੂ ਸਮਾਧਵੀ

ਭਾਪਾ ਕੁੰਦਨ ਸਿਓਂ ਬਾਰ ਵਾਲੇ ਦੀ ਦੁਕਾਨ ਪਿੰਡ ਵਿੱਚ ਬਹੁਤ ਮਸ਼ਹੂਰ ਸੀ ਦੁਕਾਨਾਂ ਤਾਂ ਭਾਵੇਂ ਪੰਜ ਚਾਰ ਪਿੰਡ ਵਿੱਚ ਹੋਰ ਵੀ ਸਨ ਪਰ ਇਹ ਦੀ ਦੁਕਾਨ ਕੁੱਝ ਵਾਹਵਾ ਹੀ ਚਲਦੀ ਸੀ। ਬਾਕੀ ਦੁਕਾਨਾਂ ਤੇ ਗੇੜਾ-ਗੁੜਾ ਲਾ ਕੇ ਕੋਈ ਚੀਜ਼ ਨਾ ਮਿਲਦੀ ਤਾਂ ਇੱਥੋਂ ਆ ਕੇ ਉਹ ਚੀਜ਼ ਜ਼ਰੂਰ ਮਿਲ ਜਾਂਦੀ।

ਭਾਪੇ ਨੇ ਕਹਿਣਾ! ਜੇ ਦੁਕਾਨ ਵਿੱਚ ਧਰਾਂਗੇ - ਹੀ ਕੁੱਝ ਨਾ, ਗਾਹਕ ਲੈਣ ਕੀ ਆਊ ਇੱਥੇ - ਸੁਆਹ!! ਇਸੇ ਕਰਕੇ ਭਾਪੇ ਦੀ ਦੁਕਾਨ ਪਿੰਡ ਵਿੱਚੋਂ ਮੰਨੀ ਹੋਈ ਸੀ, ਇਸ ਦੁਕਾਨ ਤੋਂ ਹਰ ਇੱਕ ਚੀਜ਼ ਮਿਲਦੀ ਅਤੇ ਮਿਲਦੀ ਵੀ ਬਾਕੀ ਦੁਕਾਨਾਂ ਨਾਲੋਂ ਦੋ ਪੈਸੇ ਸਸਤੀ ਹੀ।

ਕਈ ਵਾਰ ਉਸ ਨੇ ਪੁਰਾਣੀਆਂ ਪਾਕਿਸਤਾਨ ਵਾਲੀਆਂ ਗੱਲਾਂ ਸੁਨਾਉਣੀਆਂ ਬਈ ਸਾਡੀ ਉਥੇ ਲਾਲਟੈਨਾਂ ਦੀ ਦੁਕਾਨ ਸੀ। ਤੁਸੀਂ ਸੱਚ ਨਹੀਂ ਮੰਨਣਾ ਸਾਡੀਆਂ ਲਾਲਟੈਨਾਂ ਲਹੌਰ ਏਰੀਏ ਵਿੱਚ ਮਸ਼ਹੂਰ ਸਨ। ਪਰ ਕਰਮਾਂ ਦੀ ਖੇਡ ਕੁਦਰਤ ਨੇ ਭਾਣਾ ਵਰਤਾਇਆ ਸਭ ਕੁੱਝ ਮਿੱਟੀ ਬਣ ਗਿਆ। ਸਾਰਾ ਕੁੜਮ-ਕਬੀਲਾ ਅੱਡੋ-ਪਾਟੀ ਹੋ ਗਿਆ, ਕੋਈ ਮਰ ਗਿਆ, ਕੋਈ ਕਿਧਰ! ਕੋਈ ਕਿਧਰ!! ਜਿਧਰ ਥਾਂ ਲੱਭਿਆ ਚਲਿਆ ਗਿਆ। ਰੱਬ ਹੀ ਜਾਣੇ ਉਹ ਜਿਉਂਦੇ ਜਾਂ ਮਰ ਗਏ, ਉਘ ਸੁੱਘ ਹੀ ਨਹੀਂ ਨਿਕਲੀ। ਉਹ ਐਹੋ-ਜਿਹਾ ਸੰਤਾਲੀ ਆਇਆ ਸੀ, ਘਰਾਂ ਦੇ ਘਰ ਪੁੱਟ ਕੇ ਸੁੱਟ ਗਿਆ। ਕਈਆਂ ਦੇ ਸੁਹਾਗ ਲੁੱਟੇ ਗਏ, ਭੈਣਾਂ ਨੂੰ ਭਰਾ ਅਤੇ ਮਾਵਾਂ ਨੂੰ ਪੁੱਤ ਨਹੀਂ ਲੱਭੇ ਸਨ। ਉਥੋਂ ਦੇ ਉਜੜੇ ਧੱਕੇ-ਧੁੱਕੇ ਖਾਂਦੇ ਆ ਇਸ ਪਿੰਡ ਵਿੱਚ ਡੇਰੇ ਲਾਏ ਅੰਨ ਜਲ ਖਿਚ ਲਿਆਇਆ।

ਬੜੀ ਮੁਸ਼ਕਲ ਨਾਲ ਪਹਿਲੇ ਇੱਕ ਦੋ ਸਾਲ ਕੱਢੇ। ਭਾਪੇ ਨੇ ਗੱਲ ਅੱਗੇ ਚੱਲਦੀ ਰੱਖਣੀ। ਕਿਵੇਂ! ਇੱਕ ਟੁੱਟੇ ਜਿਹੇ ਸੈਕਲ ਤੇ ਮਗਰਲੀ ਕਾਠੀ ਤੇ ਖੁੱਰਜੀ ਪਾ ਕੇ ਧੇਲੇ ਧੇਲੇ ਦੀਆਂ ਖਾਲੀ ਬੋਤਲਾਂ ਖਰੀਦਣੀਆਂ ਅਤੇ ਅਗਾਂਹ ਟਕੇ ਟਕੇ ਵਿੱਚ ਵੇਚਣੀਆਂ। ਅਤੇ ਤਾਂ ਜਾ ਕੇ ਅਸੀਂ ਮੁਸ਼ਕਲ ਨਾਲ ਦੋਹਾਂ ਜੀਆਂ ਨੇ ਆਪ ਦਾ ਅਤੇ ਨਿਆਣਿਆਂ ਦਾ ਪੇਟ ਪਾਲਣਾ। ਭਾਵੇਂ ਉਦੋਂ ਦੋ ਹੀ ਮੁੰਡੇ ਸਨ ਅਤੇ ਦੋ ਮੁੰਡੇ ਤਾਂ ਇਧਰ ਆ ਕੇ ਹੋਏ ਹਨ। ਇੰਨ੍ਹਾਂ ਛੋਟਿਆਂ ਵਿੱਚੋਂ ਹੀ ਇਕ ਹਲਵਾਈ ਦਾ ਕੰਮ ਕਰਦਾ ਸੀ ਅਤੇ ਦੂਸਰਾ ਭਾਪੇ ਨਾਲ ਹੱਟੀ ਤੇ ਮੱਦਦ ਦਿੰਦਾ ਸੀ ਪਰ ਪਿਛਲੇ ਦੋ ਤਿੰਨ ਮਹੀਨਿਆਂ ਤੋਂ ਇਸ ਮੁੰਡੇ ਨੂੰ ਵੀ ਕਿਰਾਏ ਤੇ ਥਾਂ ਲੈ ਕੇ ਸਕੂਲ, ਵਾਲੇ ਬੱਸ ਅੱਡੇ "ਚ" ਪਕੌੜਿਆਂ ਅਤੇ ਚਾਹ ਦੀ ਦੁਕਾਨ ਖੋਲ੍ਹ ਦਿੱਤੀ ਸੀ। ਉਥੇ ਕੋਲੇ ਹੀ ਠੇਕਾ ਸੀ, ਸਵਾਰੀਆਂ ਆਥਣ ਵਾਲੇ ਟੈਮ ਨੂੰ ਬੱਸੋਂ ਉਤਰਦੀਆਂ ਅਤੇ ਕੁੱਝ ਠੇਕੇ ਵੱਲ ਨੂੰ ਜਾਂਦੀਆਂ ਅਤੇ ਆ ਕੇ ਇਸੇ ਮੁੰਡੇ ਦੀ ਦੁਕਾਨ ਤੋਂ ਗਲਾਸ ਅਤੇ ਪਾਣੀ ਲੈਂਦੇ ਅਤੇ ਨਾਲ ਹੀ ਪਕੌੜਿਆਂ ਦੀ ਪਲੇਟ ਲਈ ਵਾਜ ਮਾਰ ਦਿੰਦੇ, ਦੇਈਂ ਓਏ ਛੋਟੂ। ਪਾਈਆ ਪਕੌੜੇ ਗਰਮ ਗਰਮ ਜਿਹੇ। ਅੱਡੇ ਵਿੱਚ ਇਹ ਦੁਕਾਨ ਵਾਹਵਾ ਚੱਲਦੀ ਸੀ ......ਭਾਪਾ ਖੁਸ਼ ਸੀ।

ਭਾਪੇ ਦੇ ਵੱਡੇ ਦੋਹੇਂ ਮੁੰਡੇ ਬਰਮਾਂ ਵਾਲੇ ਮਿਤ ਸਿਓਂ ਦੀਆਂ ਦਿੱਲੀ ਵਿੱਚ ਪਹਿਲਾਂ ਤਾਂ ਟੈਕਸੀਆਂ ਚਲਾਉਂਦੇ ਸਨ ਪਰ ਪਿਛਲੇ ਦੋ ਕੁ ਸਾਲਾਂ ਤੋਂ ਬੈਂਕ ਵਿੱਚੋਂ ਵਿਆਜੂ ਚੁੱਕ ਕੇ ਆਪੋ ਆਪਣੀਆਂ ਹੀ ਟੈਕਸੀਆਂ ਲੈ ਲਈਆਂ ਸਨ। ਭਾਪੇ ਨੇ ਕਹਿਣਾ, ਸਤਿਗੁਰ ਸੱਚੇ ਪਾਤਿਸ਼ਾਹਿ। ਬਾਬਾ ਭਾਈ ਰੂਪ ਚੰਦ ਦੀ ਅਪਾਰ ਕ੍ਰਿਪਾ ਹੈ, ਦਿਹਾੜੇ ਬੜੇ ਸੁਹਣੇ ਲੰਘ ਰਹੇ ਹਨ ਸਭ ਥਾਓਂ ਥਾਈਂ ਸੁੱਖੀ ਹਨ। ਪਿੱਛੇ ਜਿਹੇ ਵੱਡਾ ਮੁੰਡਾ ਮੀਤਾ ਟੈਕਸੀ ਲੈ ਕੇ ਪਿੰਡ ਵੀ ਆਇਆ ਸੀ। ਮੈਨੂੰ ਤੇ ਉਹਨੇ ਆਵਦੀ ਬੀਬੀ ਨੂੰ ਕਾਰ ਵਿੱਚ ਬਿਠਾ ਕੇ ਪਿੰਡ ਵਿੱਚ ਗੇੜਾ ਦਿੱਤਾ ਸੀ, ਦਿਲ ਨੂੰ ਇਝ ਲੱਗੇ ਜਿਵੇਂ ਅਸੀਂ ਰਾਜੇ ਮਹਾਰਾਜੇ ਬਣ ਕੇ ਪਿੰਡ ਦਾ ਚਾਰ-ਚੁਫੇਰਾ ਦੇਖਦੇ ਹੋਈਏ।

ਭਾਪੇ ਨੇ ਹਰ ਰੋਜ਼ ਸਵੇਰੇ ਉਠ ਕੇ ਇਸ਼ਨਾਨ ਪਾਣੀ ਕਰਕੇ ਗੁਰਦੁਆਰੇ ਜਾਣਾ, ਮੱਥਾ ਟੇਕਣਾ, ਬਾਣੀ ਸੁਨਣੀ ਅਤੇ ਪ੍ਰਸਾਦਿ ਲੈ ਕੇ ਮੁੜਨਾ। ਗੁਰਦੁਆਰੇ ਜਾਣ ਮੌਕੇ ਧੂਫ ਬੱਤੀ ਦੁਕਾਨ ਤੇ ਜਗਾ ਕੇ ਜਾਣੀ। ਪੱਟੜੇ ਤੇ ਬੈਠਣ ਤੋਂ ਪਹਿਲਾਂ ਤੱਕੜੀ ਅਤੇ ਵੱਟਿਆਂ ਨੂੰ ਧੂਫ ਦੇਣੀ। ਪਾਣੀ ਛਿੜਕ ਕੇ ਦੁਕਾਨ ਦੇ ਅੱਗੇ ਝਾੜੂ ਦੇਣਾ ਅਤੇ ਇੱਕ ਪਾਸਿਓਂ ਸ਼ੁਰੂ ਕਰਕੇ ਕੱਚ ਦੇ ਸ਼ੀਸ਼ੇ ਵਾਲੇ ਪੀਪਿਆਂ ਅਤੇ ਮਰਤਬਾਨਾ ਉਪਰ ਕੱਪੜਾ ਫੇਰ ਕੇ ਸਾਫ ਕਰਨੇ। ਸਾਫ ਸੁਥਰੀ ਦੁਕਾਨ ਦੇਖ ਕੇ ਗਾਹਕਾਂ ਨੇ ਮੱਲੋ ਮੱਲੀ ਖਿਚੇ ਆਉਣਾ। ਗੱਲ ਮੁਕਦੀ ਭਾਪੇ ਬਾਰ ਵਾਲੇ ਦੀ ਦੁਕਾਨ ਪਿੰਡ ਵਿੱਚੋਂ ਸਿਰੇ ਦੀ ਚੱਲਦੀ ਸੀ। ਭਾਪਾ ਚਾਰ ਚੁਫੇਰਿਓਂ ਹੀ ਸੁੱਖੀ ਅਤੇ ਖੁਸ਼ ਖੁਸ਼ ਨਜ਼ਰ ਆਉਂਦਾ ....

ਸਾਉਣ ਮਹੀਨੇ ਦੇ ਦਿਨਾਂ ਵਿੱਚ ਤੀਆਂ ਦੇ ਮੌਕੇ "ਬਾਬੇ ਦੀ ਮਾਲ" ਜਿੱਥੇ ਤੀਆਂ ਲੱਗਦੀਆਂ, ਉਸੇ ਝਿੜੀ ਵਿੱਚ ਸਰਾਂ ਦਾ ਢਾਰਾ ਜਿਹਾ ਪਾ ਕੇ ਵੰਗਾਂ ਅਤੇ ਹੋਰ ਨਿੱਕ ਸੁੱਕ ਦੀ ਡੰਗ-ਟਪਾਊ ਹੱਟੀ ਜਿਹੀ ਪਾ ਲੈਂਦਾ। ਤਕਰੀਬਨ ਤੀਆਂ ਵਾਲੇ ਪੰਦਰਾਂ ਦਿਨ ਭਾਪੇ ਦੀ ਸੋਹਣੀ ਵਿਕਰੀ ਹੁੰਦੀ। ਭਾਪੇ ਨੂੰ ਇਸ ਪਿੰਡ ਵਿੱਚ ਆਏ ਨੂੰ ਛੱਤੀ-ਸੈਂਤੀ ਵਰ੍ਹੇ ਹੋ ਗਏ ਸਨ। ਪਿੰਡ ਵੱਸਦੀ ਨਿਆਣੇ ਉਸ ਨੂੰ ਚਾਚਾ, ਤਾਇਆ ਜਾਂ ਬਾਬਾ ਕਹਿ ਕੇ ਹੀ ਬੁਲਾਉਂਦੇ ਸਨ। ਤੀਆਂ ਦੇ ਦਿਨਾਂ ਵਿੱਚ ਉਹਨੇ ਕੁੜੀਆਂ ਨੂੰ ਵਾਜਾਂ ਦੇ ਕੇ ਕਹਿਣਾ.....

ਆ ਕੁੜੇ! ਜੈਬੇ ਦੀਏ ਕੁੜੀਏ। ਹੈਂਅ ਕਿਵੇਂ ਬਾਹਵਾਂ ਖਾਲੀ ਲਈ ਫਿਰਦੀ ਐ, ਲਿਆ ਕਰ ਉਰੇ ਬਾਂਹ, ਸੌਹਰੀ ਕਮਲੀ ਨਾ ਹੋਵੇ ਤਾਂ ਮੈਂ ਆਪੇ ਜੈਬੇ ਸਿਓਂ ਤੋਂ ਪੈਸੇ ਲੈ ਲੂ, ਤੂੰ ਕੁੜੇ ਵੰਗਾਂ ਪੁਆ। ਇਸੇ ਤਰ੍ਹਾਂ ਉਹਨੇ ਹੋਰ ਵੀ ਕੁੜੀਆਂ ਨੂੰ ਆਪ ਦੀਆਂ ਧੀਆਂ ਵਾਂਗ ਹੀ ਸਮਝ ਵੰਗਾਂ ਚੜ੍ਹਾ ਦੇਣੀਆਂ।

ਕੋਲ ਖੜ੍ਹੀ ਕੋਈ ਪੱਲ੍ਹਾ ਕੀਤੇ ਵਾਲੀ ਜ਼ਨਾਨੀ ਦੇਖ ਕੇ ਕਿਸੇ ਕੁੜੀ ਤੋਂ ਪੁੱਛਣਾ, ਇਹ ਕੁੜੇ ਫਲਾਨਾ ਸਿਓਂ ਦੀ ਨੂੰਹ ਨਹੀਂ - ਹਾਂ ਤਾਇਆ। ਪਰਜਾਪਤਾ ਦੇ ਆਤੂ ਦੀ ਵਹੁਟੀ ਹੈ। ....ਲੈ! ਲੈ!! ਆ ਭਾਈ ਬੀਬਿਆ, ਤੂੰ ਕਰਮ ਸਿਓਂ ਦੀ ਹੀ ਨੂੰਹ ਨਹੀਂ, ਸਾਡੀ ਵੀ ਭਾਈ ਤੂੰ ਨੂਹ ਈਂ ਲੱਗਦੀ ਐ। ਲਓ! ਭਾਈ ਦੇਖੋ ਨੂੰਹਾਂ-ਧੀਆਂ ਵਾਲੀਆਂ ਸਾਡੇ ਕੋਲ ਸਾਰੀਆਂ ਹੀ ਚੀਜ਼ਾਂ ਹਨ। ਜੋ ਕੁੱਝ ਮਰਜ਼ੀ ਲਓ, ਪੈਸਿਆਂ ਦਾ ਫਿਕਰ ਨਾ ਕਰਨਾ। ਕਰਮ ਸਿੰਘ ਹਰ ਰੋਜ਼ ਦੁਕਾਨ ਤੇ ਆਉਂਦੇ ਹੀ ਹਨ, ਮੈਂ ਆਪੇ ਸਾਬ-ਕਿਤਾਬ ਕਰ ਲਊ। ਇਹ ਰੱਬ ਜਾਣੇ ਉਹ ਪੈਸੇ ਡੇਢੇ ਦੂਣੇ ਲਿਖਦਾ ਸੀ ਜਾਂ ਪੂਰੇ ਹੀ ਵਹੀ ਤੇ ਚੜ੍ਹਾਉਂਦਾ ਸੀ। ਪਰ ਫੇਰ ਵੀ ਉਹ ਪਿੰਡ ਦੀਆਂ ਕੁੜੀਆਂ ਚਿੜੀਆਂ ਅਤੇ ਮੁੰਡੇ ਖੁੰਡਿਆਂ ਦਾ ਦਿਲ ਜਿੱਤੀ ਬੈਠਾ ਸੀ। ਤੀਆਂ ਦੇ ਆਖਰੀ ਦਿਨ ਬੱਲ੍ਹੋ ਪੈਂਦੀ 'ਚ' ਇਹ ਰਹਿੰਦਾ ਖੂੰਹਦਾ ਮਾਲ ਕੌਡੀਆਂ ਦੇ ਭਾਅ ਹੀ ਚੁੱਕਾ ਦਿੰਦਾ। ਤੀਆਂ ਦੇ ਦਿਨਾਂ ਵਿੱਚ ਕੁੜੀਆਂ ਉਸ ਨੂੰ ਭਾਪਾ ਵਣਜਾਰਾ ਹੀ ਕਹਿ ਕੇ ਬੁਲਾਉਂਦੀਆਂ।

ਭਾਪੇ ਦੇ ਵੱਡੇ ਦੋਹੇਂ ਮੁੰਡੇ ਵਿਆਹੇ-ਵਰੇ ਆਪ ਦੇ ਟੱਬਰ ਟੀਰਾਂ ਨੂੰ ਦਿੱਲੀ ਹੀ ਕੋਲ ਲੈ ਗਏ ਸਨ। ਛੋਟਿਆਂ ਵਿੱਚੋਂ ਇੱਕ ਮੰਗਿਆ ਹੋਇਆ ਸੀ ਅਤੇ ਇੱਕ ਅਜੇ ਕੁਆਰਾ ਹੀ ਸੀ। ਵੱਡਾ ਮੁੰਡਾ ਅੰਮ੍ਰਿਤਸਰ ਵਿਆਹਿਆ ਹੋਇਆ ਸੀ ਅਤੇ ਉਸ ਤੋਂ ਛੋਟੇ ਨੇ ਦਿੱਲੀ ਹੀ ਵਿਆਹ ਕਰਵਾ ਲਿਆ ਸੀ। ਭਾਵੇ ਦੀ ਤਰ੍ਹਾਂ ਦੋਹਾਂ ਮੁੰਡਿਆਂ ਦੇ ਸੌਹਰੇ ਘਰ ਵੀ ਹਰ ਰੋਜ਼ ਦੇ ਪੂਜਾ ਪਾਠ ਅਤੇ ਗੁਰੂ ਘਰ ਦੇ ਪਰੇਮੀ ਸਨ ਵੱਡੇ ਮੁੰਡੇ ਮੀਤੇ ਦੀ ਵਹੁਟੀ ਨਿਆਣੇ ਲੈ ਕੇ ਆਪ ਦੇ ਪੇਕੀ ਅੰਮ੍ਰਿਤਸਰ ਮਿਲਣ ਆਈ ਹੋਈ ਸੀ।

ਕਹਿੰਦੇ ਹੁੰਦੇ ਐ, ਮਾੜੇ ਦਿਨ ਕਿਹੜਾ ਕਿਸੇ ਕੋਲੋਂ ਪੁੱਛ ਕੇ ਆਉਂਦੇ ਹਨ। ਅੰਮ੍ਰਿਤਸਰ ਸ਼ਹਿਰ ਸਾਰਾ ਹੀ ਫੌਜੀ ਬੂਟਾਂ ਥੱਲੇ ਆ ਗਿਆ। ਹਰ ਰੋਜ਼ ਚੋਰੀਆਂ ਕਤਲ, ਡਾਕੇ, ਦੰਗੇ ਫਸਾਦ ਅਤੇ ਲੁੱਟ ਮਾਰਾਂ ਹੋਣ ਲੱਗ ਪਈਆਂ। ਤੇ ਫਿਰ ... ਇੱਕ ਦਿਨ ਦੇਸ਼ ਦੀ ਮਲਕਾ ਨੇ ਫੌਜੀਆਂ ਨੂੰ ਹੁਕਮ ਚਾੜ ਦਿੱਤਾ ਕਿ ਜਾਓ ਜਾਂ ਤਾਂ ਵਿਰੋਧੀ ਅਨਸਰ ਨੂੰ ਜਿਉਂਦਿਆਂ ਫੜੋ। ਜੇ ਨਹੀਂ ਕਾਬੂ ਆਉਂਦੇ ਤਾਂ ਗੋਲਿਆਂ ਨਾਲ ਉਡਾ ਦਿਓ। ਫੌਜੀਆਂ ਨੇ ਹੁਕਮ ਮਿਲਦੇ ਹੀ ਜਾ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿੱਚ ਟੈਂਕ ਚਾੜ੍ਹੇ ਅਤੇ ਅਕਾਲ ਤਖਤ ਬੂੰਦਾ ਬੂੰਦਾ ਕਰਕੇ ਉਡਾ ਦਿੱਤਾ। ਸਾਰੇ ਸ਼ਹਿਰ ਵਿੱਚ ਹਾਹਾਕਾਰ ਮੱਚ ਗਈ ਤੋਪਾਂ ਦੇ ਗੋਲੇ ਪੰਜਾਹ ਪੰਜਾਹ ਮੀਲ ਤੱਕ ਸੁਣਾਈ ਦਿੰਦੇ ਰਹੇ। ਬੱਸ ਇਸੇ ਘੱਲੂਘਾਰੇ ਵਿੱਚ ਹੀ ਇਹ ਸਾਰਾ ਪਰਿਵਾਰ ਮੱਥਾ ਟੇਕਣ ਗਿਆ ਹੀ ਰੱਬ ਨੂੰ ਪਿਆਰਾ ਹੋ ਗਿਆ। ਇਸ ਗੱਲ ਭਾਪੇ ਨੂੰ ਦੋ ਮਹੀਨੇ ਬਾਦ ਪਤਾ ਲੱਗੀ, ਕਿਸੇ ਨੇ ਅੰਮ੍ਰਿਤਸਰੋਂ ਆ ਕੇ ਸੂਹ ਦਿੱਤੀ।

ਇਹ ਵਾਕਿਆ ਸੁਣ ਕੇ ਭਾਪੇ ਦੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ। ਹੇ ਸਤਿਗੁਰ ਸੱਚੇ ਪਾਤਸ਼ਾਹਿ ਤੂੰ ਇਹ ਕੀ ਭਾਣਾ ਵਰਤਾ ਦਿੱਤਾ। ਕਿਸੇ ਦੀ ਗਲਤੀ ਕੋਈ ਭਰੇ, ਤੂੰ ਕੀ ਕਹਿਰ ਕਮਾ ਦਿੱਤਾ। ਮੇਰਾ ਤਾਂ ਉਦੋਂ ਦਾ ਹੀ ਦਿਲ ਟਿਕਦਾ ਹੀ ਨਹੀਂ ਸੀ ਜਦੋਂ ਦਾ ਅਕਾਲ ਤਖਤ ਤੇ ਹਮਲਾ ਹੋਇਆ ਸੀ। ਹ-ਰੋਜ਼ ਸੁਨਣਾ ਮਰਨ ਵਾਲਿਆਂ ਦੀ ਗਿਣਤੀ ਅੱਜ ਇੰਨੀ ਹੋ ਗਈ। ਹਮੇਸ਼ਾ ਵੱਧਦੀ ਹੀ ਜਾਂਦੀ ਸੀ। ਦਿਲ ਨੂੰ ਧੁੜਕੂ ਲੱਗਣਾ ਉਹ ਵੀ ਸ਼ਾਇਦ ਵਿੱਚ ਹੀ ਨਾ ਹੋਣ, ਆਖਰ ਸੱਚ ਹੋ ਨਿਬੜੇ। ਸਾਰਾ ਪਿੰਡ ਚੱਲ ਕੇ ਅਫਸੋਸ ਲਈ ਆਇਆ, ਲੋਕਾਂ ਨੇ ਹੌਸਲਾ ਦੇਣਾ। ਪਰ ਭਾਪੇ ਨੇ ਅੱਗੋਂ ਕਹਿਣਾ ਮੈਂ ਪੁੱਛਦੈਂ ਮੌਕੇ ਦੀ ਸਰਕਾਰ ਤੋਂ, ਦੱਸੇ ਮੈਨੂੰ, ਜਵਾਬ ਦੇਵੇ, ਦੋ-ਚੌਹਾਂ ਨੂੰ ਫੜਨ ਲਈ ਤੈਨੂੰ ਟੈਂਕਾਂ-ਤੋਪਾਂ ਦੀ ਕੀ ਲੋੜ ਪਈ। ਉਨ੍ਹਾਂ ਨੂੰ ਫੜਨ ਲਈ ਕੋਈ ਹੋਰ ਤਰੀਕਾ ਵਰਤ ਲੈਂਦੀ। ਐਨੇ ਹਜ਼ਾਰਾਂ ਦੀ ਗਿਣਤੀ ਵਿੱਚ ਨਿਹੱਥੇ ਬੱਚੇ-ਬੁੱਢੇ ਅਤੇ ਜ਼ਨਾਨੀਆਂ ਸਿਰਫ ਦੋ - ਚੌਂਹ ਦੀ ਖਾਤਰ ਮੌਤ ਦੀ ਗੋਦ ਸੁਆ ਦਿੱਤੇ। ਜਦ ਵੀ ਕਿਸੇ ਨੇ ਦੁਕਾਨ ਤੇ ਸੌਦਾ ਲੈਣ ਆਉਣਾ ਤਾਂ ਭਾਪੇ ਨੇ ਵਾਰ ਵਾਰ ਇਹੋ ਹੀ ਕਹਿਣਾ ...... ਆਖਰਕਾਰ ਜਨਾਨੀ ਦੀ ਮੱਤ ਗੁੱਤ ਪਿੱਛੇ ਹੀ ਹੁੰਦੀ ਹੈ। ਤੂੰ ਰੱਬ ਦਾ ਘਰ ਢਾਹਿਆ, ਆਪ ਦੇ ਆਪ ਹੀ ਤੂੰ ਮੌਤ ਨੂੰ ਸੱਦਾ ਦਿੱਤਾ, ਤੇਰੇ ਦਿਨ ਥੋੜ੍ਹੇ ਹੀ ਰਹਿ ਗਏ, ਹੁਣ ਤੂੰ ਬਹੁਤਾ ਚਿਰ ਨਹੀਂ ਜੀਵੇਂਗੀ।

.......ਹੋਰ ਦੋ-ਢਾਈ ਮਹੀਨੇ ਲੰਘ ਗਏ। ਮੇਰੇ ਦੇਸ਼ ਦੇ ਤਖਤ ਤੇ ਬੈਠੀ ਮਲਕਾ ਨੂੰ ਅਖੀਰੀ ਧੁਰੋਂ ਸੱਦਾ ਆ ਗਿਆ। ਉਹ ਦੇ ਕਾਲ ਨੇ ਐਸੇ ਨਿਸ਼ਾਨੇ ਸਿੰਨ ਕੇ ਮਾਰੇ ਉਹ ਥਾਏਂ ਢੇਰੀ ਹੋ ਗਈ। ਦਿਨ ਚੜ੍ਹਦੇ ਦੀ ਲਾਲ ਟਿੱਕੀ ਵਿੱਚੋਂ ਸੂਰਜ ਦੀਆਂ ਕਿਰਣਾਂ ਉਹਦੇ ਚਿਹਰੇ ਨੂੰ ਕਾਲਾ ਕਰ ਗਈਆਂ। ਮਿੰਟਾਂ-ਪਲਾਂ ਵਿੱਚ ਭਾਪੇ ਹੋਰਾਂ ਦੇ ਪਿੰਡਾਂ ਤੋਂ ਬਿਨਾਂ ਸਾਰੀ ਦੁਨੀਆਂ ਦੇ ਕੋਨੇ ਕੋਨੇ ਵਿੱਚ ਖਬਰਾਂ ਪਹੁੰਚ ਗਈਆਂ। ਪਰ ਗੱਲ ਕਿੰਨਾ ਕੁ ਚਿਰ ਗੁੱਝੀ ਰਹਿੰਦੀ ਹੈ। ਭਾਵੇਂ ਸਾਰੇ ਪਿੰਡ ਫੌਜੀਆਂ ਦੀ ਮਾਰ ਥੱਲੇ ਸਨ ਪਰ ਤਾਂ ਵੀ ਦੂਏ ਤੀਏ ਦਿਨ ਖਬਰ ਪਿੰਡਾਂ ਵਿੱਚ ਸੁਣੋ-ਸੁਣਾਈ ਆ ਗਈ ਕਿ ਮਲਕਾ ਇਸ ਦੁਨੀਆਂ ਤੋਂ ਕੂਚ ਕਰ ਗਈ ਹੈ। ..... ਅਗਲੇ ਦਿਨ ਕਈਆਂ ਨੇ ਟੀ. ਵੀ. ਤੇ ਮਲਕਾ ਦਾ ਅੰਤਮ ਸੰਸਕਾਰ ਵੀ ਹੁੰਦਾ ਦੇਖਿਆ। ਪਿੰਡ ਵਿੱਚ ਫੌਜੀਆਂ ਦੀ ਨਜ਼ਰ ਤੋਂ ਉਹਲੇ ਕਈਆਂ ਨੇ ਅੰਦਰੇ-ਅੰਦਰ ਦੀਵੇ ਜਲਾਏ ਤੇ ਖੁਸ਼ੀਆਂ ਮਨਾਈਆਂ। ਵਿਰਲੇ-ਟਾਂਵਿਆਂ ਨੇ ਢੋਲ ਤੇ ਵੀ ਧੱਫੇ ਲਾਏ ਸਨ। ਕਈ ਸਿਆਣੇ ਆਦਮੀਆਂ ਨੇ ਇਕੱਠੇ ਹੋ ਕੇ ਅੱਡੋ ਅੱਡ ਗੁਆੜਾਂ ਅਤੇ ਪੱਤੀਆਂ ਵਿੱਚ ਜਾ ਕੇ ਲੋਕਾਂ ਨੂੰ ਸਮਝਾਇਆ, ਉਏ ਸਾਡੇ ਭੁਲਿਓ ਭਰਾਵੋ! ਜਰਾ ਹੋਸ਼ ਤੋਂ ਕੰਮ ਲਓ। ਜੋਸ਼ ਵਿੱਚ ਆ ਕੇ ਹੋਸ਼ ਨਾ ਗੰਵਾਓ। ਸਾਡੇ ਵੱਲ ਦੇਖ ਕੇ ਕੁੱਝ ਤਾਂ ਸਮਝ ਤੋਂ ਕੰਮ ਲਓ, ਅਸੀਂ ਉਸ ਦਿਨ ਵੀ ਧਾਹਾਂ ਮਾਰ ਮਾਰ ਰੋਏ ਸੀ ਜਿਸ ਦਿਨ ਕਿਸੇ ਦੀ ਗਲਤੀ ਕਾਰਨ, ਕਿਸੇ ਨੇ ਅਕਾਲ ਤਖਤ ਡੰਡੇ ਦੇ ਜ਼ੋਰ ਨਾਲ ਢਾਹਿਆ ਸੀ। ਉਹ ਹਜ਼ਾਰਾਂ ਨਿਰਦੋਸ਼ੀਆਂ ਜਿੰਦਾਂ ਸਾਡੀਆਂ ਅੱਖਾਂ ਸਾਹਮਣੇ ਫਿਰਦੀਆਂ ਹਨ। ਪਰ ਅਸੀਂ ਅੱਜ ਵੀ ਰੋਂਦੇ ਹਾਂ, ਕਿਸੇ ਦੀ ਮੌਤ ਤੇ ਖੁਸ਼ੀ ਮਨਾਉਣੀ ਜਾਂ ਹੱਸਣਾ ਸਿਆਣੇ ਅਤੇ ਸਮਝਦਾਰ ਆਦਮੀ ਨੂੰ ਤਾਂ ਸ਼ੋਭਾ ਨਹੀਂ ਦਿੰਦਾ ਮੂਰਖ ਜੋ ਮਰਜ਼ੀ ਕਰੇ।

ਜਿਵੇਂ ਕਹਿੰਦੇ ਹੁੰਦੇ ਐ ...... ਵੈਰੀ ਮਰਨ ਤੇ ਭੰਗੜੇ ਪਾਂਵੇ ਅਤੇ ਢੋਲ ਵਜਾਵੇ ਅਕਲੋ ਅੰਨਿਆ ਰੱਬ ਦਿਆ ਬੰਦਿਆ ਓਏ। ਪਰ ਇਹ ਨਾ ਭੁੱਲ, ਇੱਕ ਦਿਨ ਤੇਰੀ ਵੀ ਚੱਕ ਲੈ! ਚੱਕ ਲੈ!! ਹੋਣੀ ਐਂ।

ਭਾਪਾ ਭਾਵੇਂ ਅੰਦਰੋਂ ਖੁਸ਼ ਸੀ ਕਿ ਏਸੇ ਮਲਕਾ ਦੇ ਹੁਕਮ ਨਾਲ ਸਾਡਾ ਸਾਂਝਾ ਕੇਂਦਰੀ ਥਾਂ ਢਹਿ ਢੇਰੀ ਹੋਇਆ ਸੀ। ਉਸ ਕੀਤੇ ਦੀ ਸਜ਼ਾ ਇਹ ਨੂੰ ਮਿਲ ਗਈ ਹੈ ਪਰ ਅੰਦਰੋਂ ਅੰਦਰੀ ਦਿਲੋ ਉਹ ਸੋਚਦਾ ਕਿ ਪਤਾ ਨਹੀਂ ਕੱਲ ਨੂੰ ਕੀ ਕਹਿਰ ਝੁੱਲ ਜਾਵੇ। ....ਅਖੀਰ ਮਾੜੇ ਦਿਨਾਂ ਦਾ ਪਹਿਰਾ ਫੇਰ ਭਾਪੇ ਦੇ ਪਰਿਵਾਰ ਤੇ ਆ ਗਿਆ। ਅਜੇ ਤਾਂ ਪਹਿਲੀਆਂ ਮੌਤਾਂ ਭੁੱਲੀਆਂ ਨਹੀਂ ਸਨ ਉਤੋਂ ਇਹ ਕੀ ਭਾਣਾ ਆ ਵਰਤਿਆ। ਪਿਛਲੇ ਹਫਤੇ ਹੀ ਤਾਂ ਮਲਕਾ ਦਾ ਸੰਸਕਾਰ ਹੁੰਦਾ ਸੂਦਾਰਾਂ ਦੇ ਘਰ ਟੀ. ਵੀ. ਤੇ ਹੁੰਦਾ ਦੇਖਿਆ ਸੀ। ਸਿਆਲੂ ਦਿਨ ਹੋਣ ਕਰਕੇ ਇੱਕ ਦਿਨ ਭਾਪਾ ਬਾਹਰ ਥੜੇ ਤੇ ਬੈਠਾ ਨਿੱਘੀ ਨਿੱਘੀ ਧੁੱਪ ਮਾਣਦਾ ਹੋਇਆ ਗਈਆਂ ਗੁਜ਼ਰੀਆਂ ਸੋਚਾਂ ਵਿੱਚ ਗੜੁੱਚ ਸੀ। ਦੂਰੋਂ ਕਾਹਲੇ ਕਦਮੀ ਬਰ੍ਹਮਾ ਵਾਲੇ ਮਿਤ ਸਿਓਂ ਦਾ ਭਾਈ ਹਰਦਿੱਤ ਸਿਓਂ ਆਉਂਦਾ ਦਿਸਿਆ ਉਹ ਆ ਕੇ ਭਾਪੇ ਕੋਲ ਬੈਠ ਗਿਆ। ਸੁਣਾ ਹਰਦਿਤ ਸਿਆਂ ਸੁੱਖ ਤਾਂ ਹੈ ਤੇਰਾ ਸਾਹ ਨਾਲ ਸਾਹ ਨਹੀਂ ਰਲਦਾ। ਕੁੱਝ ਬੋਲੇਗਾ ਵੀ ਕਿ ਨਹੀਂ। ਉਸ ਤੋਂ ਬਾਅਦ ਜੋ ਹਰਦਿੱਤ ਸਿਓਂ ਨੇ ਦੱਸਿਆ। ਭਾਪਾ ਸੁਣ ਕੇ ਥਾਂਏ ਡਿੱਗ ਪਿਆ। ਦੰਦਲ ਪੈ ਗਈ। ਕਾਫੀ ਚਿਰ ਮਗਰੋਂ ਉਸ ਨੂੰ ਹੋਸ਼ ਵਿੱਚ ਲਿਆਂਦਾ ਗਿਆ। ਭਾਪੇ ਦੇ ਘਰ ਵਿੱਚ ਚੀਕ-ਚਿਹਾੜਾ, ਰੋਣ ਪਿੱਟਣ ਦੀਆਂ ਆਵਾਜ਼ਾਂ ਸੁਣ ਕੇ ਸਾਰਾ ਪਿੰਡ ਹੀ ਦੁਕਾਨ ਵੱਲ ਨੂੰ ਉਲਰ ਆਇਆ। ਭਾਪੇ ਤੋਂ ਤਾਂ ਕੋਈ ਗੱਲ ਹੀ ਨਹੀਂ ਹੁੰਦੀ ਸੀ। ਸੱਥਰ ਤੇ ਬੈਠੇ ਲੋਕਾਂ ਨੂੰ ਹਰਦਿੱਤ ਸਿੰਘ ਦਿਲ ਕਰੜਾ ਕਰਕੇ ਦੱਸਣਾ ਸ਼ੁਰੂ ਕੀਤਾ।

ਭਰਾਵੋ! ਅੱਧਾ ਘੰਟਾ ਹੋਇਆ ਦਰਬਾਰੇ ਨੰਬਰਦਾਰ ਦੇ ਘਰ ਬਾਈ ਮਿਤ ਸਿਓਂ ਨੇ ਦਿੱਲੀ ਤੋਂ ਟੈਲੀਫੋਨ ਕੀਤੇ, ਉਹਨੇ ਦੱਸਿਆ ਕਿ ਜਿਸ ਮੌਕੇ ਮਲਕਾ ਨੂੰ ਮਾਰਿਆ ਉਸੇ ਮੌਕੇ ਹੀ ਦਿੱਲੀ ਵਿੱਚ ਕੱਟਾ-ਵੱਢੀ ਚੱਲ ਪਈ। ਪੱਗ ਵਾਲਾ ਦੇਖ ਕੇ ਮਲਕਾ ਦੇ ਹਮਾਇਤੀ ਮਾਰਨ ਲੱਗ ਪਏ। ਓਏ! ਹੋਏ!! ਐਸਾ ਬੁਰਾ ਹਾਲ ਉਹ ਦੱਸਦਾ ਸੀ ਕਿ ਲਾਵਾਰਸ ਲਾਸ਼ਾਂ ਨੂੰ ਮਲਕਾ ਦੇ ਹਮਾਇਤੀਆਂ ਨੇ ਤਾਂ ਚੁੱਕਣਾ ਕੀ ਸੀ, ਪੱਗ ਵਾਲਾ ਕੋਈ ਡਰਦਾ ਹੱਥ ਨਹੀਂ ਸੀ ਲਾਉਂਦਾ। ਦੱਸਦੈ ਉਹਨਾਂ ਲਾਸ਼ਾਂ ਨੂੰ ਕੁੱਤੇ ਬਿੱਲੇ ਖਾਂਦੇ ਦੇਖੇ ਗਏ। ਆਪਣੇ ਲੋਕਾਂ ਦੀਆਂ ਗੱਡੀਆਂ, ਬੱਸਾਂ ਨੂੰ ਅੱਗਾਂ ਲਾ ਲਾ ਸਾੜ ਦਿੱਤਾ। ਘਰਾਂ ਦੇ ਘਰ ਸਾੜ ਦਿੱਤੇ ਹਨ। ਭਾਪੇ ਦੇ ਵੱਡੇ ਮੁੰਡੇ ਮੀਤੇ ਸਣੇ ਟੈਕਸੀ ਜਿਉਂਦੇ ਨੂੰ ਹੀ ਸਾੜ ਦਿੱਤਾ। ਦਰਿੰਦਿਆਂ ਤੋਂ ਬਚਿਆ ਹੀ ਕੋਈ ਨਹੀਂ, ਇੰਨ੍ਹਾਂ ਦੇ ਛੋਟੇ ਮੁੰਡੇ ਨੂੰ ਸਣੇ ਜੁਆਕ ਜੱਲੇ ਘਰੋਂ ਬਾਹਰ ਕੱਢ ਕੇ ਗੋਲੀਆਂ ਦਾਗੀਆਂ ਅਤੇ ਘਰ ਨੂੰ ਅੱਗ ਲਾ ਕੇ ਸੁਆਹ ਕਰ ਦਿੱਤਾ।

ਆਹ! ਆਹ! ਇਕੱਠ ਵਿੱਚੋਂ ਆਹ ਹ ਕਹਿੰਦੇ ਹੋਏ ਲੋਕਾਂ ਦੇ ਬੋਲ ਨਿਕਲੇ ਯਾਰੋ! ਕਹਿੰਦੇ ਹੁੰਦੇ ਐ "ਬੰਦਾ ਬੰਦੇ ਦੀ ਦਾਰੂ ਹੈ" ਪਰ ਇੱਥੇ ਤਾਂ ਜ਼ਮਾਨਾ ਹੀ ਉਲਟਾ ਆ ਗਿਆ, ਇੱਥੇ ਤਾਂ ਬੰਦਾ ਬੰਦੇ ਦਾ ਵੈਰੀ ਆ। ਸੱਥਰ ਤੇ ਬੈਠੇ ਲੋਕੀ ਧਾਹਾਂ ਮਾਰ ਮਾਰ ਰੋ ਰਹੇ ਸਨ।

ਹਰਦਿੱਤ ਸਿਓਂ ਨੇ ਅੱਗੇ ਬੋਲਣਾ ਸ਼ੁਰੂ ਕੀਤਾ .....ਬਾਈ ਮਿਤ ਸਿਓਂ ਹੋਰੀ ਪਤਾ ਲਹੀਂ ਕਿਵੇਂ ਬਚ ਬਚਾ ਕੇ ਕੈਂਪ ਵਿੱਚ ਚਲੇ ਗਏ। ਉਹਦਾ ਸਾਰਾ ਕਾਰੋਬਾਰ ਤਿੰਨ ਟਰੱਕ ਸਣੇ ਪੰਜੇ ਟੈਕਸੀਆਂ ਸਾੜ ਕੇ ਰਾਖ ਕਰ ਦਿੱਤੀਆਂ। ਪਰ ਜਿਹਦਾ ਰਾਖਾ ਆਪ ਵਾਹਿਗੁਰੂ ਉਹ ਸਾਰਾ ਪਰੀਵਾਰ ਕੈਂਪ ਵਿੱਚ ਜਾਣ ਕਰਕੇ ਬਚ ਗਿਆ। ਬਾਈ ਦੱਸਦੈ ਇਹ ਸਭ ਕੁੱਝ ਹੋਏ ਨੂੰ ਹਫਤਾ-ਭਰ ਲੰਘ ਗਿਆ ਹੁਣ ਕੁੱਝ ਟਿਕਾ ਹੋਇਆ ਅਤੇ ਤਾਂ ਉਹਨੇ ਫੋਨ ਪਿੰਡ ਨੂੰ ਮਿਲਾਇਆ। ਪਹਿਲਾਂ ਉਹਨੇ ਬਥੇਰੀ ਵਾਹ ਲਾਈ ਪਰ ਲਾਈਨਾਂ ਹੀ ਨਹੀਂ ਮਿਲਦੀਆਂ ਸਨ। ਉਹਨੇ ਇਹ ਵੀ ਦੱਸਿਆ ਕਿ ਜਿੱਥੇ ਸਾਡਾ ਕੈਂਪ ਲੱਗਿਆ ਹੋਇਆ ਉਥੇ ਸੈਂਕੜਿਆਂ ਦੇ ਸੈਂਕੜੇ ਉਸੇ ਬਰਾਦਰੀ ਵਿੱਚੋਂ ਹੀ ਹਨ ਜਿੰਨ੍ਹਾਂ ਨੇ ਸਾਡੀ ਤਬਾਹੀ ਮਚਾਈ ਸੀ। ਉਹ ਸਾਡੀ ਆਥਣ ਸਵੇਰ ਲੰਗਰ ਵਿੱਚ ਸੇਵਾ ਕਰ ਰਹੇ ਹਨ।

ਹਰਦਿੱਤ ਸਿਓਂ ਦੀਆਂ ਗੱਲਾਂ ਸੁਣ ਕੇ ਲੋਕਾਂ ਦੇ ਮੂੰਹ ਟੱਡੇ ਰਹਿ ਗਏ ਇਕੱਠ ਵਿੱਚੋਂ ਆਵਾਜ਼ ਆਈ ਹਰੇਕ ਕੌਮ ਵਿੱਚ ਹੁੰਦੇ ਦੋ ਚਾਰ ਹੀ ਮਾੜੇ ਐ ਪਰ ਕੌਮ ਸਾਰੀ ਦੀ ਮਿੱਟੀ ਪਲੀਤ ਹੋ ਜਾਂਦੀ ਹੈ। ਲੋਕੀ ਆਪਸ ਵਿੱਚ ਦੁੱਖ ਸੁੱਖ ਕਰੀ ਹੀ ਜਾਂਦੇ ਸਨ। ਭਾਪੇ 'ਚ' ਪਤਾ ਨਹੀਂ ਕਿੱਥੋਂ ਜੋਸ਼ ਆਇਆ। ਉਹ ਉਠ ਕੇ ਖੜਾ ਹੋ ਗਿਆ ਜਿਵੇਂ ਗੱਲਾਂ ਸੁਣ ਸੁਣ ਬੈਠਾ ਅੰਬ੍ਹ ਗਿਆ ਹੋਵੇ। ਖੜਾ ਹੋਣ ਸਾਰ ਹੀ ਉਹ ਸਿਰ ਨੂੰ ਇੰਨੀ ਜ਼ੋਰ ਦੀ ਘੁੰਮਾਉਣ ਲੱਗ ਪਿਆ। ਉਹਦੀ ਪੱਗ ਲੱਥ ਗਈ ਅਤੇ ਜੂੜਾ ਖੁਲ੍ਹ ਕੇ ਵਾਲ ਖਿਲਰ ਗਏ।

ਸਾਰੇ ਲੋਕੀ ਉਹਦੇ ਵੱਲ ਦੇਖਣ ਲੱਗ ਪਏ ਜਿਵੇਂ ਉਸ ਵਿੱਚ 'ਛਾਇਆ' ਆ ਗਈ ਹੋਵੇ। ਉਹਨੇ ਉਚੀ ਉਚੀ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਹੱਥ ਬਾਹਵਾਂ ਇਝ ਮਾਰੇ ਜਿਵੇਂ ਉਹਦੇ ਵਿੱਚ ਕੋਈ ਹੋਰ ਬੋਲਦਾ ਹੋਵੇ, ਭਾਵੇਂ ਹੱਥ ਪੈਰ ਭਾਪੇ ਦੇ ਹੀ ਚੱਲਦੇ ਸਨ ਪਰ ਸੱਥਰ ਤੇ ਬੈਠੇ ਲੋਕੀਂ ਹੈਰਾਨ ਹੋਈ ਜਾਣ ਭਾਪਾ ਕਰੀ ਕੀ ਜਾਂਦੈ। ਹੈ....ਇਹ ਕੀ ਮੇਰੇ ਮੁੰਡੇ ਮਰਗੇ.....ਨਹੀਂ ਨਹੀਂ ਉਹ ਰਾਜੇ ਤੇਲੀ ਬ੍ਰਾਹਮਣ ਕੋਲ ਗਈ ਹਨ .....ਗੁਲਕੰਦ ਦਾ ਮੁੱਲ .....ਲੈ ਅਸੀਂ ਸਾਹਿਬ ਦੇ ਮੁੰਡੇ.... ਹੇ ਲਓ! ਔਹ ਆਉਂਦੇ ਐ ਮੇਰੇ ਦੋਹੇਂ ਮੁੰਡੇ.....ਮੇਰੀਆਂ ਨੂੰਹਾਂ ਪੋਤੇ ਪੋਤੀਆਂ ....ਸਤਾਨ ...ਸਤਾਨ.....ਸਤਾਨ ਪਹਿਲਾਂ ਪਾਕਿਸਤਾਨ ...
ਮੈਂ ਲੁੱਟਿਆ ਪੁੱਟਿਆ ਗਿਆ .....ਅਗਾਂਹ ਪਤਾ ਨਹੀਂ ਕਿੰਨੇ .....ਮਾਝਾ.....ਮਾਲਵਾ.....ਦੁਆਬਾ ....ਸਤਾਨ .....ਓਏ ਮੈਨੂੰ ਸਤਾਨਾ ਨੇ ਖਾ ਲਿਆ। ਸ਼ੈਤਾਨਾਂ ਨੇ ਬਣਾਏ ਸਤਾਨ ....ਸਤਾਨ ....ਸਤਾਨ, ਬਚਾਓ ਓਏ ਲੋਕੋ।

ਅੱਜ ਪੂਰਾ ਡੇਢ ਮਹੀਨਾ ਲੰਘ ਗਿਆ, ਪਾਟੇ ਪੁਰਾਣੇ ਕੱਪੜੇ ਅਤੇ ਕੇਸ ਖਿਲਾਰੀ ਭਾਪਾ ਪਿੰਡ ਦੀਆਂ ਵੀਹਾਂ ਵਿੱਚ ਉਪਰਲੇ ਲਫਜ਼ ਬਾਰ - ਬਾਰ ਦੁਹਰਾਉਂਦਾ ਤੁਰਿਆ ਫਿਰਦੈ ਰਹਿੰਦਾ, ਪਿੰਡ ਦੇ ਲੋਕੀਂ ਉਸ ਨੂੰ ਹੁਣ ਕਮਲਾ ਭਾਪਾ ਕਹਿੰਦੇ ਹਨ।

ਮਾਡਰਨ ਗ਼ਜ਼ਲ

ਦੀਪਕ ਜੈਤੋਈ

ਹਰ ਥਾਂ ਨਫ਼ਰਤ ਦੀ ਬੀਮਾਰੀ ਫੈਲ ਗਈ
ਕਿਉਂ ਐਨੀਂ ਇਹ ਰਬ ਦੀ ਮਾਰੀ ਫੈਲ ਗਈ

ਪਿੰਡਾਂ ਦੇ ਵਿਚ ਫੈਲ ਗਿਆ ਦਾਰੂ ਦਾ ਸ਼ੌਕ
ਸ਼ਹਿਰਾਂ ਦੇ ਵਿਚ ਚੋਰ ਬਜ਼ਾਰੀ ਫੈਲ ਗਈ

ਜੰਤਾ ਕਿੱਧਰ ਜਾਵੇ ਨੇਤਾਵਾਂ ਅੰਦਰ
ਕੁਰਸੀ ਦੀ ਹੈ ਦਅਵੇਦਾਰੀ ਫੈਲ ਗਈ

ਚਿੱਟੇ ਦਿਨ ਹੈ ਕਿੰਜ ਹਨੇਰਾ ਫੈਲ ਗਿਆ?
ਲੋਕ ਰਾਜ ਵਿਚ ਕਿਉਂ ਬੇਕਰੀ ਫੈਲ ਗਈ

ਅਫ਼ਸਰ ਸ਼ਾਹੀ ਚਲਣ ਦਿੰਦੀ ਪੇਸ਼ ਨਹੀਂ
ਹੱਕ ਦਾਰਾਂ ਵਿਚ ਤਾਂ ਬੇਜ਼ਾਰੀ ਫੈਲ ਗਈ

ਲੱਖ ਰੁਪਈਆ ਖਰਚੋ ਅਫ਼ਸਰ ਲਗ ਜਾਓ
ਰਿਸ਼ਵਤ ਕਿੱਥੋਂ ਤੀਕ ਨਕਾਰੀ ਫੈਲ ਗਈ

ਕਾਲੇ ਧੰਦੇ ਵਿਚ ਲੋਕਾਂ ਹੱਥ ਰੰਗ ਲਏ
ਚਿੱਟੇ ਕੰਮ ਚ ਬੇ ਰੁਜਗਾਰੀ ਫੈਲ ਗਈ

ਪਿੱਤਾ ਬਣ ਗਈ ਯਾਰ ਮੁਹੱਬਤ ਸੁੰਗੜ ਕੇ
ਹਰ ਦਿਲ ਵਿਚ ਹਉਮੈਂ-ਹੰਕਾਰੀ ਫੈਲ ਗਈ

ਇਨਸਾਨੀ ਹਮਦਰਦੀ ਲੱਭਣੀ ਸੀ ਕਿੱਥੋਂ
ਇਨਸਾਨਾਂ ਵਿਚ ਹੁਣ ਖੂੰਖਾਰੀ ਫੈਲ ਗਈ

"ਨੇਰੇ ਯੁਗ" ਵਿਚ ਦੀਪਕ ਰੌਸ਼ਨ ਸੀ "ਕਿਰਦਾਰ"
ਰੌਸ਼ਨ ਯੁਗ ਵਿਚ ਕਿਉਂ ਬਦਕਾਰੀ ਫੈਲ ਗਈ

ਹਰ ਕਿਸੇ ਨੂੰ ਕਦ ਮਸੀਹਾ ਲੱਭਦਾ,
ਠੋਕਰਾਂ ਖਾ ਕੇ ਸੰਭਲ ਜਾਂਦੇ ਨੇ ਲੋਕ।

ਉਮਰ ਭਰ ਹਊਮੈ ਹੰਢਾਉਂਦੇ ਨੇ ਅਖੀਰ,
ਖਾਕ, ਬਾਦ, ਆਤਿਸ਼ 'ਚ ਰਲ ਜਾਂਦੇ ਨੇ ਲੋਕ।

ਚਰਨ ਸਿੰਘ ਦੀਆਂ ਚਾਰ ਕਵਿਤਾਵਾਂ

ਲਹੂ 'ਚ ਭਿੱਜੇ ਬੋਲ

(ਸੱਤਰ ਕਰੋੜ ਦੀਵਿਆਂ ਦੇ ਨਾਂਅ)

ਮਸਤਕ 'ਚ ਜ਼ਖਮ ਬਣ ਕੇ
ਉੱਗੀ ਹੈ ਕਲੀ ਕੋਈ
ਫਿਰ ਸਫਰ ਦੀ ਸੂਲੀ ਤੇ
ਲਟਕੀ ਹੈ ਗਲੀ ਕੋਈ ।

ਜ਼ਖਮਾਂ ਦਾ ਮੌਸਮ ਹੈ
ਬਦਲ ਰੱਤ-ਰੰਗੇ ਨੇ
ਇਕ ਸੂਲੀ ਅੰਬਰ ਦੀ
ਕਈ ਵਿਹੜੇ ਟੰਗੇ ਨੇ
ਹੈ ਡਾਲਾ ਬਣੀ ਹਵਾ
ਹੈ ਸ਼ਹਿਰ ਉਦਾਸ ਬੜਾ ।

ਚਿੱਥੀਆਂ ਨੇ ਬੂਟਾਂ ਨੇ
ਤਲੀਆਂ ਸ਼ਹਿਰ ਦੀਆਂ
ਧੁੰਨੀ ਤੱਕ ਉਧੜੀਆਂ
ਨੇ ਗਲੀਆਂ ਸ਼ਹਿਰ ਦੀਆਂ ।

ਇਹ ਲਹੂ ਜੋ ਡੁਲ੍ਹਾ ਹੈ
ਗਮ ਦੇ ਬੋਲ ਜਿਹਾ
ਨਾਨਕ ਦੇ ਤੋਲ ਜਿਹਾ
ਗੀਤਾ ਉਪਦੇਸ਼ ਜਿਹਾ
ਬੁੱਲੇ ਦਰਵੇਸ਼ ਜਿਹਾ
ਮਾਨਵ ਬਿਨ ਕਿਸ ਦਾ ਹੈ ।
ਇਹ ਲਹੂ ਜੋ ਦਿਸਦਾ ਹੈ ।

ਅੱਜ ਉਹ ਅੰਮ੍ਰਿਤ ਜਲ ਸਰੋਵਰ
ਲੋਕ ਲਹੂ ਨਾਲ ਭਰ ਗਿਆ ਹੈ ।
ਸ਼ਬਦਾਂ ਤੋਂ ਅਰਥਾਂ ਦੀ ਰੂਹ ਤੱਕ
ਅਨੁਭਵ ਜ਼ਖਮੀਂ ਹੋਇਆ ।
ਮੱਥੇ ਵਿਚਲੀ ਚੇਤਨ ਲੋਅ ਦਾ
ਹੈ ਅੱਜ ਸੂਰਜ ਮੋਇਆ ।

ਅਗਨ ਵਿਚਾਰੀ ਦਰ, ਦਰ ਭੌਂਦੀ
ਮੰਗਦੀ ਚੂੰਟਕੀ ਸੇਕ
ਜੇ ਤੂੰ ਅਕਲ ਲਤੀਫ ਫਰੀਦਾ
ਅੱਖਾਂ ਖੋਲ੍ਹ ਤੇ ਵੇਖ

ਇਕ ਮਰੀਅਸ ਨੇ ਖੁਦ ਠੋਕੀ ਹੈ
ਈਸਾ ਮੱਥੇ ਮੇਖ
ਜ਼ਾਰੋ ਜ਼ਾਰ ਰੋਏ ਕਬੀਰਾ
ਢਹਿ ਅੱਲਾ ਦਾ ਘਰ ਗਿਆ ਹੈ ।

ਅੱਜ ਤੇ ਆਪਣਾ ਹੀ ਪ੍ਰਛਾਵਾਂ
ਆਪਣੀ ਦੇਹ ਤੋਂ ਡਰ ਗਿਆ ਹੈ
ਇੱਕ ਕਬੂਤਰ
ਸੱਤਾ ਦੇ ਪਹੀਏ ਹੇਠਾਂ ਆ ਕੇ
ਮਰ ਗਿਆ ਹੈ ।
ਕੱਚੀ ਇੱਟ ਤੋਂ ਲਾਲ ਕਿਲੇ ਤੱਕ
ਜਿਸਮ ਹਵਾ ਦਾ ਠਰ ਗਿਆ ਹੈ ।

2.

ਉਹ ਪੰਛੀ ਜੋ ਚਮਨ 'ਚ
ਹਰ ਰੁੱਖ ਤੇ ਵਸੇਰਾ ਬਣਾਉਂਦੇ ਸਨ
ਚਮਨ 'ਚੋਂ ਘਰ
ਘਰ 'ਚੋਂ ਚਮਨ ਸਜਾਉਂਦੇ ਸਨ ।
ਮਾਲੀ! ਆਲ੍ਹਣੇ ਦੇ ਸੰਗ
ਉਨ੍ਹਾਂ ਦੇ ਘਰ ਸਾੜੇ ਹਨ
ਉਹ ਘਰ ਵਿੱਚ ਹੁੰਦਿਆਂ ਵੀ
ਬੇਘਰੇ ਤੇ ਬੇ ਸਹਾਰੇ ਹਨ ।

ਇੱਕ ਗੀਤ ਚੁੱਪ ਦਾ
ਹਨੇਰੀ ਰਾਤ 'ਚ ਉਨ੍ਹਾਂ ਨੇ ਗਾਇਆ ਹੈ
ਕਿ ਹਰ ਇੱਕ ਫੁੱਲ ਦੇ ਮੱਥੇ 'ਚੋਂ
ਪੱਥਰ ਉਗ ਆਇਆ ਹੈ ।

ਨਾ ਤੱਕੋ ਚਮਨ 'ਚੋਂ ਆਲਣਾ
ਆਲਣੇ 'ਚੋਂ ਚਮਨ ਉਗਾਓ
ਪੌਣ-ਭੌ ਲਈ ਉਮਰ ਭਰ
ਜਗਦੇ ਚਿਰਾਗ ਦੀ ਰਾਖੀ ਨਾ ਕਰੋ
ਚਿਰਾਗ ਹੋ
ਚਿਰਾਗ ਚੋਂ ਬਣ ਕੇ ਸੂਰਜ ਚੜ੍ਹੋ ।

ਪੰਜਾਬੀ ਦਰਿਆ ਦਿਲੀ
ਤੇ ਵਧਣ ਫੁੱਲਣ ਦੀ ਅਦਾ
ਰਾਜਧਾਨੀ ਦੀ ਹੈ ਅੱਖ ਚ ਰੜਕੀ ਸਦਾ
ਸੰਭਲੋ! ਕਿ ਮੁੱਦਤ ਬਾਅਦ ਜਾਗੇ ਹੋ
ਪੰਜ-ਆਬ ਦੇ ਵਾਰਸ ਹੋ ਕੇ ਵੀ
ਪਿਆਸੇ ਹੋ ।
ਸਿਰਾਂ ਦੇ ਬਾਲ ਕੇ ਦੀਵੇ
ਤੁਸੀਂ ਚਮਨ ਰੁਸ਼ਨਾਇਆ ਹੈ ।
ਚਿੱਟਾ ਦੁੱਧ ਜਿਹਾ ਪੰਜਾਬ ਤੇ
ਮਾਂ ਬੋਲੀ ਨੂੰ
ਕਿਸੇ ਹਿੰਦੀ ਨਹੀਂ
ਹਾਕਮ ਹਨੇਰੇ ਨੇ ਚਬਾਇਆ ਹੈ ।

3.

ਇੱਕ ਕਬੂਤਰ
ਸੱਤਾ ਦੇ ਪਹੀਏ ਹੇਠਾਂ ਆ
ਕੇ ਮਰ ਗਿਆ ਹੈ
ਕੱਚੀ ਇੱਟ ਤੋਂ ਲਾਲ ਕਿਲੇ ਤੱਕ
ਜਿਸਮ ਹਵਾ ਦਾ ਠਰ ਗਿਆ ਹੈ ।

ਮਨ ਦੇ ਮੰਦਰੀਂ
ਤੂੰ ਜੋ ਜ਼ਹਿਰ ਧੁਖਾਇਆ ਹੈ
ਮਸਤਕ 'ਚ ਦੋ ਧਾਰਾ ਖੰਡਾ
ਸਿਮਰ ਭਗੌਤੀ ਆਇਆ ਹੈ

ਇਕੱਤੀ ਰਾਗਾਂ ਦੀ ਇਹ ਗੰਗਾ
ਸਰਬੱਤ ਭਲੇ ਵਿੱਚ ਵਗੇ
ਜਿਸ ਦੀ ਛੋਹ ਤੋਂ ਕਾਲੇ ਕਊਏ
ਹੰਸ ਗਏ ਬਣ ਬੱਗੇ ।

4.

ਉਸ ਮਰ ਰਹੀ ਸਭਿਅਤਾ ਤੇ
ਤਲੀਮ ਨੂੰ
ਪਾਣੀ ਦਾ ਘੁੱਟ ਦਿਓ ਜੀਉਣ ਲਈ
ਨਾਂ ਕਿ ਉਸ ਦਾ ਜਿਸਮ ਭੋਗਣ ਲਈ
ਤੇ ਆਪਣੀ ਹਵਸ ਦਾ ਨਿਛਾਵਾਂ
ਬੇਫੁੱਲਾ ਰੁੱਖੀ ਬੀਜ
ਉਸ ਦੇ ਢਿੱਡ ਵਿੱਚ ਬੀਜਣ ਲਈ ।

ਬਾਰ੍ਹਾਂ ਵਰ੍ਹਿਆਂ ਦੀ
ਮੇਦੇ ਤੇ ਸੰਧੂਰ ਜਿਹੀ ਸੁੰਦਰ ਕਵਿਤਾ
ਕਹਾਣੀ ਜਿਹੇ ਨਖਸ਼
ਟੱਪੇ ਜਿਹਾ ਲੱਕ
ਨਾਵਲ ਜਿਹਾ ਕੱਦ ਲੈ ਅਜੇ
ਨਾਟਕੀ ਅੰਦਾਜ਼ 'ਚ ਟੁਰਨਾ ਹੀ
ਸਿਖੀ ਸੀ ।
ਕਿ ਤਖਤ ਦੇ ਟੁਕੜ ਬੋਚਾਂ
ਉਸ ਦੇ ਚੀਥੜੇ, ਚੀਥੜੇ ਕਰ
ਕਾਵਾਂ ਕੁੱਤਿਆਂ ਲਈ ਖਿਲਾਰ
ਦਿੱਤੇ ਹਨ ।

ਮਾਂ, ਪਤਨੀ, ਧੀ ਤੇ ਮਹਿਬੂਬ
ਜਿਹੇ ਸ਼ਬਦਾਂ ਦੀ ਮਹਿਕ
ਉਸ ਨੇ ਗਰਭ-ਜੂਨ 'ਚ
ਸੁਫਨਿਆਂ ਦੇ ਜੰਗਲ ਵਿੱਚ
ਹੰਢਾਈ ਸੀ ।
ਤੇ ਵੈਸ਼ੀਆਂ ਦੇ ਸਵੈ ਤੋਂ ਅਗੇਰੀ
ਜੇ ਕੋਈ ਜੂਨ
ਭੂਗੋਲਿਕ ਵੰਡ ਤੋਂ ਵੱਖਰੀ
ਸ਼ਬਦਾਂ 'ਚ ਹੈ
ਤਾਂ ਉਸ ਦੀ ਹਿੱਕ 'ਚ ਧੜਕਦੇ
ਅਰਥਾਂ ਨੇ ਹੰਢਾਈ ਹੈ
ਦੇ ਸਕਦੇ ਹੋ
ਤਾਂ ਇਨ੍ਹਾਂ ਅਰਥਾਂ ਨੂੰ ਕੋਈ ਨਾਮ ਦਿਓ
ਕਲਾਕਾਰੋ! ਅਦੀਬੋ! ਬੁੱਤ ਤਰਾਸ਼ੋ!
ਸਾਹਿਤਕਾਰੋ!
ਤਾਜਾਂ, ਤਖਤਾਂ ਦੇ ਚਿੱਟੇ ਕੋਟ ਤੇ
ਲਾਲ ਗੁਲਾਬ ਦੇ ਆਸ਼ਕੋ ।

ਉਸ ਦੇ ਸਾਕਾਂ ਸਬੰਧੀਆਂ,
ਰਿਸ਼ਤੇਦਾਰਾਂ 'ਚੋਂ
ਇਸ ਮਹਿਫਲ 'ਚ
ਜੇ ਇੱਕ ਵੀ ਆਦਮੀ ਸ਼ਸ਼ੋਭਿਤ ਹੈ
ਤਾਂ ਉਸ ਦੀ
ਉਧੜੀ ਗੁਦਾ ਢੱਕ ਆਵੇ
ਉਸ ਕੈਨਵਸ ਦੇ ਨਾਲ
ਜਿਸ ਨੇ ਇੱਕ ਪੇਂਟਿੰਗ ਦਾ
ਲਿਬਾਸ ਪਹਿਨਣਾ ਸੀ ।

ਪਰਿੰਦਿਆਂ ਦਾ ਮਰਸੀਆ

ਜਗਤਾਰ

ਪਰਿੰਦੇ ਜਾਣ ਹੁਣ ਕਿੱਥੇ ?
ਤੁਸੀਂ ਤਾਂ ਆਲ੍ਹਣੇ ਸਭ ਸਾੜ ਨੇ ਦਿਤੇ ।
ਪਰਿੰਦੇ ਜਾਣ ਹੁਣ ਕਿੱਥੇ ?

ਜਿਗਰ ਪਾਟਾ ਕਿਸੇ ਦੀ ਅਖ ਗੁਆਚੀ
ਕਿਸੇ ਦੇ ਕਰ ਕਿਸੇ ਦੇ ਪਰ ਸੜੇ ਨੇ ।
ਤੁਹਾਨੂੰ ਕੀ ਪਤਾ ਦਿਲਹੀਣਿਆਂ ਨੂੰ,
ਕਿ ਇਕ ਇਕ ਘਰ 'ਚ ਕਿੰਨੇ ਘਰ ਸੜੇ ਨੇ।
ਛੁਪੀ ਹੋਈ ਅਗਨ ਰੋਹ ਦੀ
ਧੁਆਂਖੇ ਰਿਹਰਿਆਂ ਪਿੱਛੇ ।
ਪਰਿੰਦੇ ਜਾਣ ਹੁਣ ਕਿੱਥੇ ?

ਬਿਗਾਨੇ ਵਿਹੜਿਆਂ ਵਿਚ ਜਾ ਡਿਗੇ ਤਾਂ
ਨਾ ਜਾਣੇ ਕੀ ਦਾ ਕੀ ਸਿੱਖਣ ਵਿਚਾਰੇ ।
ਪਰਾਂ ਦੇ ਉਗਦਿਆਂ ਹੀ ਫੇਰ ਕਿਧਰੇ,
ਤੁਹਾਡੇ 'ਤੇ ਹੀ ਨਾ ਝਪਟਣ ਇਹ ਸਾਰੇ ।
ਡਰਾ ਕੇ ਤੇ, ਉਡਾ ਕੇ ਤੇ
ਨਾ ਪਾਓ ਹੋਰ ਹੁਣ ਛਿੱਥੇ ?
ਪਰਿੰਦੇ.......................?

ਹੰਡੇ ਵਰਤੇ ਸ਼ਿਕਾਰੀ ਸੀ ਤੁਸੀਂ ਤਾਂ,
ਫਲੂਹੇ ਕਿਸ ਲਈ ਥਾਂ ਥਾਂ ਖਿਲਾਰੇ ।
ਸੜੇ ਫੁੱਲਾਂ ਪਰਾਂ ਪੱਤਿਆਂ ਦੀ ਹੁਣ ਤਕ
ਹੈ ਬੂ ਫੈਲੀ ਹੋਈ ਜੰਗਲ 'ਚ ਸਾਰੇ ।
ਜੇ ਜੰਗਲ ਨੂੰ ਬਚਾਉਣਾ ਹੈ
ਘਟਾਵਾਂ ਦੀ ਸਕਲਧਾਰੋ,
ਬਿਰਛ ਫੁੱਟਣ ਮਰੇ ਬਦਬੂ,
ਮਿਟਣ ਸਭ ਖੂਨ ਦੇ ਛਿੱਟੇ ।
ਪਰਿੰਦੇ ਜਾਣ ਹੁਣ ਕਿੱਥੇ ?



ਪੁਸਤਕ ਰੀਵੀਊ

ਕਸੂਰ ਕਿਸਦਾ?

□ ਸਾਧੂ, ਵੈਨਕੂਵਰ

ਸਾਧੂ ਦੇ ਇਸ ਕਹਾਣੀ ਸੰਗ੍ਰਹਿ ਦੀਆਂ ਬਾਰਾਂ ਕੁ ਕਹਾਣੀਆਂ ਵਿਦੇਸ਼ਾਂ ਵਿੱਚ ਵਧੀਆ ਰੋਜ਼ਗਾਰ ਵਸੀਲਿਆਂ ਲਈ ਗਈ ਮੱਧ ਵਰਗੀ ਭਾਰਤੀ ਕਿਸਾਨੀ ਅਤੇ ਮੱਧ ਸ਼੍ਰੇਣੀ ਨਾਲ ਸੰਬੰਧਿਤ-ਪੀੜ੍ਹੀਆਂ ਦੇ ਪਾੜੇ ਅਤੇ ਸਭਿਆਚਾਰਕ ਪਾੜੇ ਦੀ ਦਾਸਤਾਨ ਨੂੰ ਪ੍ਰਗਟਾਉਂਦੀਆਂ ਹਨ । ਪੱਛਮ ਦਾ ਵਿਕਸਿਤ ਉਦਾਰਵਾਦੀ ਸਮਾਜਿਕ ਮਾਹੌਲ, ਉੱਥੋਂ ਦੀਆਂ ਊਣਤਾਈਆਂ ਅਤੇ ਖੂਬੀਆਂ, ਜਗੀਰੂ ਅਤੇ ਪੱਛੜੀਆਂ ਕਦਰਾਂ ਕੀਮਤਾਂ ਤੇ ਤੰਗ ਸੂਝ ਬੂਝ ਨਾਲ ਵਿਚਰਦੇ ਪਰਵਾਸੀ ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਦੀ ਉਲਾਰ ਸਥਿਤੀ, ਉਨ੍ਹਾਂ ਦੀ ਮਨੋ ਵਿਗਿਆਨਕ ਬਣਤਰ, ਦੋ ਸਭਿਆਚਾਰਾਂ ਵਿੱਚੋਂ ਪੈਦਾ ਹੋਏ ਅੰਤਰ ਵਿਰੋਧ ਅਤੇ ਤਣਾਉ- ਇਨ੍ਹਾਂ ਕਹਾਣੀਆਂ ਦਾ ਮੁੱਖ ਵਿਸ਼ਾ ਹਨ । ਉਂਝ ਤਾਂ ਪਿਛਲੇ ਕਾਫੀ ਅਰਸੇ ਤੋਂ ਆਪਣੇ ਦੇਸ਼ ਵਿੱਚ ਵੀ ਪੱਛਮੀ ਸਭਿਆਚਾਰ ਦੇ ਬੇਰੋਕ ਪ੍ਰਚਾਰ ਨੇ ਸਾਡੇ ਸਮਾਜਿਕ ਜੀਵਨ ਦਾ ਸੰਤੁਲਨ ਵਿਗਾੜ ਦਿੱਤਾ ਹੈ ਅਤੇ ਮੱਧ ਸ਼੍ਰੇਣੀ ਦੇ ਜਨ ਸਾਧਾਰਣ ਨੂੰ ਵਿਅਕਤੀ ਵਾਦੀ ਬਣਾ ਕੇ ਬਾਕੀ ਸਮਾਜ ਨਾਲੋਂ ਨਿਖੇੜ ਦਿੱਤਾ ਹੈ ਪਰ ਪੱਛਮ ਵਿੱਚ ਗਏ ਪੰਜਾਬੀਆਂ ਦੀ ਸਮਾਜਿਕ ਸਥਿਤੀ ਤਾਂ ਬੁਰੀ ਤਰ੍ਹਾਂ ਉਲਾਰ ਹੋ ਗਈ ਹੈ । ਸਮਾਜ ਦੇ ਅਜਿਹੇ ਸਭਿਆਚਾਰਕ ਪਾੜੇ ਨੂੰ ਲੇਖਕ ਨੇ ਇਸ ਸੰਗ੍ਰਹਿ ਵਿੱਚ ਡੂੰਘਾਈ ਨਾਲ ਬਿਆਨਿਆ ਹੈ ।

ਦੋ ਤਿੰਨਾਂ ਕਹਾਣੀਆਂ ਵਿੱਚ, ਜਿਵੇਂ 'ਜੈਨੀ' ਵਿੱਚ ਕੈਨੇਡਾ ਵਿੱਚ ਜਾ ਕੇ ਰਹਿਣ ਵਾਲੇ ਅਣਪੜ੍ਹ ਪੰਜਾਬੀਆਂ ਵੱਲੋਂ ਰੋਜ਼ੀ ਕਮਾਉਣ ਲਈ ਦਰ ਦਰ ਖਾਧੇ ਧੱਕਿਆਂ ਅਤੇ ਝੱਲੀਆਂ ਨਮੋਸ਼ੀਆਂ ਦਾ ਪ੍ਰਗਟਾਅ ਬੜੀ ਬਰੀਕੀ ਨਾਲ ਕੀਤਾ ਗਿਆ ਹੈ । ਵਿਦੇਸ਼ਾਂ ਵਿੱਚ ਗਏ ਪੰਜਾਬੀਆਂ ਲਈ ਇੱਕ ਪਾਸੇ ਤਾਂ ਖੁਸ਼ਹਾਲੀ ਦੇ ਸੁਪਨੇ ਹਨ ਦੂਜੇ ਪਾਸੇ ਗੈਰ ਕਾਨੂੰਨੀ ਇਮੀਗਰੇਸ਼ਨ ਕਾਰਨ ਖਾਲੀ ਹੱਥੀਂ ਵਾਪਸ ਦੇਸ਼ ਪਰਤ ਆਉਣ ਦਾ ਡਰ ਅਤੇ ਸਹਿਮ ਵੀ ਹੈ । 'ਸਵਾਗਤੀ ਭਾਸ਼ਣ' ਵਿੱਚ ਸਿਆਸੀ ਸੂਝ ਤੋਂ ਕੋਰੇ ਲੋਕਾਂ ਦੀ ਜਹਾਲਤ ਦਾ ਯਥਾਰਥ ਪੇਸ਼ ਹੈ । — ਸਰਕਾਰ ਪ੍ਰਸਤੀ ਦਾ ਨਕਾਰਤਮਕ ਪੱਖ ਵੀ ਵਧੀਆ ਢੰਗ ਨਾਲ ਉਭਾਰਿਆ ਗਿਆ ਹੈ । 'ਰਾਖੇ' ਕਹਾਣੀ ਵਿੱਚ ਵਿਦੇਸ਼ਾਂ ਵਿੱਚ ਭਾਰਤੀਆਂ ਨਾਲ ਉੱਥੋਂ ਦੀ ਪੁਲੀਸ ਦੇ ਵਿਤਕਰੇ ਭਰੇ ਸਲੂਕ ਨੂੰ ਬੇਨਕਾਬ ਕੀਤਾ ਗਿਆ ਹੈ ।

ਸਾਧੂ ਨੇ ਵਿਦੇਸ਼ਾਂ ਵਿੱਚ 16-17 ਸਾਲ ਰਹਿ ਕੇ ਵੀ ਆਪਣੀ ਜਨਮ ਭੂਮੀ ਦੇ ਸਭਿਆਚਾਰ ਦਾ ਮੋਹ ਕਾਇਮ ਰੱਖਿਆ ਹੈ । ਉਹ ਉਨ੍ਹਾਂ ਕੁੱਝ ਇੱਕ ਲੇਖਕਾਂ ਵਿੱਚੋਂ ਹੈ ਜਿੰਨ੍ਹਾਂ ਨੇ ਵਿਦੇਸ਼ ਵਿੱਚ ਰਹਿ ਕੇ ਵੀ ਆਪਣੀ ਧਰਤੀ ਅਤੇ ਆਪਣੇ ਲੋਕਾਂ ਨਾਲ ਰਿਸ਼ਤੇ ਨੂੰ ਬਰਾਬਰ ਕਾਇਮ ਰੱਖਿਆ ਹੈ । ਸਮਕਾਲੀ ਪੰਜਾਬੀ ਕਹਾਣੀ ਦੇ ਹਾਣ ਦਾ ਲੇਖਕ ਬਣਨ ਲਈ, ਹੋ ਸਕਦਾ ਹੈ, ਉਸ ਨੂੰ ਅਜੇ ਹੋਰ ਮਿਹਨਤ ਕਰਨੀ ਪਵੇ ਅਤੇ ਆਪਣੀ ਪ੍ਰਤੀਬੱਧਤਾ ਬਾਰੇ ਹੋਰ ਸਪੱਸ਼ਟ ਹੋਣਾ ਪਵੇ ਪਰ ਉਸ ਦਾ ਇਹ ਪਲੇਠਾ ਕਹਾਣੀ-ਸੰਗ੍ਰਹਿ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਇੱਕ ਵਧੀਆ ਹਸਤਾਖਰ ਹੈ ।

ਲੇਖਕ ਨੇ ਕੁੱਝ ਕਹਾਣੀਆਂ ਵਿੱਚ ਔਰਤ ਮਰਦ ਦੇ ਜਿਨਸੀ ਰਿਸ਼ਤਿਆਂ ਨੂੰ ਬੜੀ ਦਲੇਰੀ ਅਤੇ ਹਮਦਰਦੀ ਨਾਲ ਬਿਆਨਿਆ ਹੈ । ਜਿਹੜੇ ਸਮਾਜ ਵਿੱਚ ਐਸਾ ਹੀ ਪ੍ਰਧਾਨ ਹੋ ਚੁੱਕਿਆ ਹੋਵੇ — ਜਿੱਥੇ ਵਿਅਕਤੀ ਹਰ ਸ਼ੈਅ ਪੈਸੇ ਨਾਲ ਖਰੀਦਣ ਦੇ ਸਮਰੱਥ ਹੋ ਗਿਆ ਹੋਵੇ ਉੱਥੇ ਮਨੁੱਖ ਵੀ ਉਹਦੇ ਲਈ ਇੱਕ ਖਰੀਦੀ ਜਾਂ ਵੇਚੀ ਜਾਣ ਵਾਲੀ ਸ਼ੈਅ ਬਣ ਜਾਂਦੀ ਹੈ । ਅਜਿਹੀ ਸਮਾਜਿਕ ਸਥਿਤੀ ਅੰਦਰ ਵਿਅਕਤੀ ਆਪਣੀ ਨਿੱਜੀ ਸੰਤੁਸ਼ਟੀ ਲਈ ਮਾਨਵੀ ਕਦਰਾਂ ਕੀਮਤਾਂ ਦਾ ਵੀ ਖੂਨ ਕਰ ਸਕਦਾ ਹੈ । ਪੱਛਮੀ ਸਭਿਆਚਾਰ ਦੇ ਅਜਿਹੇ ਹੀ ਮਾਰੂ ਪ੍ਰਭਾਵ ਨੇ ਵਿਦੇਸ਼ਾਂ ਵਿੱਚ ਗਏ ਪੰਜਾਬੀਆਂ ਦੇ ਸੋਚਣ ਢੰਗ ਨੂੰ ਇੱਕ ਵੱਡਾ ਝਟਕਾ ਦਿੱਤਾ ਹੈ — ਇੱਥੇ 'ਫੌਜੀ ਬੰਤਾ ਸਿੰਘ' ਵਿੱਚ ਏਹੀ ਪ੍ਰਭਾਵ ਭਾਰੂ ਹੈ । 'ਫੌਜੀ ਬੰਤਾ ਸਿੰਘ' ਵਿਦੇਸ਼ ਵਿੱਚ ਆਪਣੇ ਪੁੱਤਰ ਦੇ ਪਰਿਵਾਰ ਵਿੱਚ ਰਹਿ ਰਿਹਾ ਹੈ — ਸਮਾਜਿਕ ਸਥਿਤੀ ਦਾ ਵਿਅੰਗ ਇਹ ਹੈ ਕਿ ਉਹ ਇਸ ਘਰ ਵਿੱਚ ਰਹਿ ਕੇ ਆਪਣੇ ਪਰਾਇਆਂ ਸਭ ਤੋਂ ਨਿਖੜਿਆ ਹੋਇਆ ਜੇਲ੍ਹ ਵਰਗੀ ਇਕੱਲਤਾ ਮਹਿਸੂਸ ਕਰਦਾ ਹੈ । ਉਹਦੇ ਪੁੱਤਰ ਅਤੇ ਪੋਤਰੇ ਉਸ ਲਈ ਬਿਲਕੁੱਲ ਇਵੇਂ ਪਰਾਏ ਹਨ ਜਿਵੇਂ ਬਾਕੀ ਸਮਾਜ । ਪੱਛਮੀ ਸਭਿਆਚਾਰ ਦੇ ਨਕਾਰਾਤਮਕ ਪ੍ਰਭਾਵ ਹੇਠ ਉਹਦੇ ਪੁੱਤਰ ਪੋਤਰੇ ਇਵੇਂ ਬਦਲ ਗਏ ਲੱਗਦੇ ਹਨ ਕਿ ਉਨ੍ਹਾਂ ਦੀ ਉਹਦੇ ਨਾਲ ਕੋਈ ਮਨੁੱਖੀ ਸਾਂਝ ਵੀ ਬਾਕੀ ਨਾ ਰਹੀ ਹੋਵੇ । ਪੂੰਜੀਵਾਦ ਸਮਾਜ ਦੀ ਮਾਰ ਹੇਠ ਮਰ ਰਹੀਆਂ ਮਨੁੱਖੀ ਕਦਰਾਂ ਨੂੰ ਬਿਆਨ ਕਰਨ ਵਾਲੀ ਇੱਕ ਵਧੀਆ ਕਹਾਣੀ ਹੈ ।

'ਅਮਾਨਤ' ਕਹਾਣੀ ਵਿੱਚ ਪੱਛਮੀ ਸਭਿਆਚਾਰ ਦੇ ਪਤਨ ਦੁਆਰਾ ਪਾਏ ਔਰਤ ਮਰਦ ਦੇ ਜਿਨਸੀ ਰਿਸ਼ਤਿਆਂ ਵਿੱਚ ਆਏ ਸੰਕਟ ਨੂੰ ਪ੍ਰਗਟਾਇਆ ਗਿਆ ਹੈ । ਅਜਿਹੇ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਅਨੁਸਾਰ ਪੱਛਮ ਵਿੱਚ ਜੰਮੀ ਪਲੀ ਭਾਰਤੀ ਕੁੜੀ ਕਹਾਣੀ ਦੀ ਨਾਇਕਾ ਸੀਤੋ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਜਿਸ ਲੜਕੇ ਨੂੰ ਉਹ ਤਨੋ ਮਨੋ ਪਿਆਰ ਕਰਦੀ ਹੈ - ਉਹ ਵੀ ਉਸ ਨੂੰ ਜ਼ਰੂਰ ਸੱਚੇ ਦਿਲੋਂ ਪਿਆਰ ਕਰਦਾ ਹੋਵੇਗਾ ਅਤੇ ਇਹ ਵਿਸ਼ਵਾਸ਼ ਪਾਲਦੀ ਹੈ ਕਿ ਉਨ੍ਹਾਂ ਦੇ ਪਿਆਰ ਦਾ ਪਰਿਣਾਮ ਜ਼ਰੂਰ ਵਿਆਹ ਵਿੱਚ ਨਿਕਲੇਗਾ । ਆਪਣੇ ਪ੍ਰੇਮੀ ਨਾਲ ਵਿਦੇਸ਼ੀ ਸਭਿਆਚਾਰ ਦੀਆਂ ਰਵਾਇਤਾਂ ਅਨੁਸਾਰ ਉਹ ਲਗਾਤਾਰ ਜਿਨਸੀ ਅਨੰਦ ਭੋਗਦੀ ਹੈ ਪਰ ਦੂਜੇ ਪਾਸੇ ਹਕੀਕਤ ਹੈ ਕਿ ਉਹ ਆਪਣੇ ਪ੍ਰੇਮੀ ਕੈਲੀ ਲਈ ਇੱਕ ਹੰਡਾਉਣ ਵਾਲੀ ਸ਼ੈਅ ਤੋਂ ਵੱਧ ਕੁੱਝ ਨਹੀਂ । ਇਉਂ ਇਹ ਕਹਾਣੀ ਵੀ ਪੱਛਮੀ ਸਭਿਆਚਾਰ ਦੇ ਖੋਖਲੇਪਨ 'ਤੇ ਇੱਕ ਤਿੱਖਾ ਵਿਅੰਗ ਹੈ ।

'ਕਿਸਦਾ ਕਸੂਰ' ਇਸ ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ ਹੈ । ਇਹ ਕਹਾਣੀ ਪਾਠਕ ਦੇ ਲੂ-ਕੰਡੇ ਖੜ੍ਹੇ ਕਰ ਦੇਣ ਵਾਲੀ ਬਲਾਤ ਕਾਰ ਦੀ ਇੱਕ ਭਿਆਨਕ ਵਾਰਦਾਤ ਹੈ । ਪੱਛਮ ਦੇ ਪਤਨਸ਼ੀਲ ਸਭਿਆਚਾਰ ਅਧੀਨ ਆਈ ਜਿਨਸੀ ਖੁਲ੍ਹ ਨੇ ਔਰਤ ਮਰਦ ਦੇ ਆਪਸੀ ਰਿਸ਼ਤਿਆਂ ਨੂੰ ਕਿਵੇਂ ਵਹਿਸ਼ੀ ਬਣਾ ਦਿੱਤਾ ਹੈ — ਇਹ ਇਸ ਕਹਾਣੀ ਦਾ ਕੇਂਦਰੀ ਭਾਵ ਹੈ । ਕਹਾਣੀ ਦੀ ਨਾਇਕਾ ਆਪਣੀ ਨਾਜ਼ਕ ਕਿਸ਼ੋਰ ਅਵਸਥਾ ਵਿੱਚ ਹੀ ਭਾਵੁਕਤਾ ਦੇ ਅਸਰ ਹੇਠ ਜਿਨਸੀ ਰਿਸ਼ਤਾ ਕਾਇਮ ਕਰਨ ਦੇ ਚੱਕਰ ਵਿੱਚ ਫਸ ਗਈ ਸੀ ਅਤੇ ਗਰਭਪਾਤ ਕਰਵਾ ਕੇ ਆਪਣੇ ਬਾਪ ਲਈ ਕਲੇਸ਼ ਦਾ ਕਾਰਨ ਬਣ ਗਈ ਸੀ । ਜ਼ਿੰਦਗੀ ਦੇ ਅਜਿਹੇ ਤਲਖ ਤਜਰਬੇ ਪਿੱਛੋਂ ਵੀ ਉਹ ਇੱਕ ਵਾਰ ਫੇਰ ਇੱਕ ਅਲ੍ਹੜ ਅਤੇ ਅਵਾਰਾ ਨੌਜਵਾਨ ਲੜਕੇ ਡੇਵਿਡ ਨਾਲ ਜਿਨਸੀ ਪਿਆਰ ਦੇ ਚੱਕਰ ਵਿੱਚ ਫਸ ਜਾਂਦੀ ਹੈ ਪਰ ਹੁਣ ਜੈਨੀ ਦੇ ਜੀਵਨ ਅਤੇ ਸੋਚ ਵਿੱਚ ਇੱਕ ਬਹੁਤ ਹੀ ਵੱਡਾ ਮੋੜ ਆ ਗਿਆ ਹੁੰਦਾ ਹੈ । ਹੁਣ ਉਹ ਬਿਲਕੁੱਲ ਦ੍ਰਿੜ ਹੈ ਕਿ ਉਹ ਵਿਆਹ ਤੋਂ ਪਹਿਲਾਂ ਕਿਸੇ ਵੀ ਕੀਮਤ ਤੇ ਇਸ ਲੜਕੇ ਨਾਲ ਜਿਨਸੀ ਅਨੰਦ ਭੋਗਣ ਦਾ ਗੁਨਾਹ ਨਹੀਂ ਕਰੇਗੀ । ਪਰ ਉਧਰ ਡੇਵਿਡ ਪੱਛਮ ਦੇ ਵਹਿਸ਼ੀ ਸਭਿਆਚਾਰ ਦੇ ਦਬਾਅ ਹੇਠ ਅਜਿਹੇ ਸਾਥੀਆਂ ਦੀ ਸੰਗਤ ਵਿੱਚ ਘਿਰਿਆ ਹੋਇਆ ਹੈ, ਜਿਹੜੇ ਉਸ ਦੇ ਕਿਸੇ ਹਾਣ ਦੀ ਕੁੜੀ ਨਾਲ ਜਿਨਸੀ ਸਬੰਧ ਕਾਇਮ ਨਾ ਹੋਣ ਕਾਰਨ ਉਹਦਾ ਮਜ਼ਾਕ ਉਡਾਉਂਦੇ । ਸਿੱਟਾ ਇਹ ਨਿਕਲਦਾ ਕਿ ਡੇਵਿਡ ਦੇ ਮਨ ਤੇ ਜੈਨੀ ਨਾਲ ਕਿਸੇ ਵੀ ਕੀਮਤ ਤੇ ਜਿਨਸੀ ਆਨੰਦ ਭੋਗਣ ਦਾ ਭੂਤ ਸਵਾਰ ਹੋ ਜਾਂਦਾ ਹੈ । ਪਰ ਉਧਰ ਜੈਨੀ ਆਪਣੇ ਜੀਵਨ ਦੇ ਭਵਿੱਖ ਬਾਰੇ ਬੜੀ ਸੰਜੀਦਗੀ ਅਤੇ ਗਹਿਰਾਈ ਨਾਲ ਸੋਚਣ ਲੱਗ ਪੈਂਦੀ ਹੈ — ਉਹ ਹੁਣ ਪੂਰੀ ਤਰ੍ਹਾਂ ਸੰਭਲ ਗਈ ਹੈ ਅਤੇ ਇੱਕ ਬਦਲੀ ਹੋਈ ਔਰਤ ਹੈ । ਜਦੋਂ ਡੇਵਿਡ ਉਸ ਨਾਲ ਜਬਰੀ ਜਿਨਸੀ ਆਨੰਦ ਭੋਗਣ ਦੀ ਕੋਸ਼ਿਸ਼ ਕਰਦਾ ਹੈ — ਉਹ ਆਖਰੀ ਦਮ ਤੱਕ ਆਪਣੀ 'ਬਚੀ ਖੁਚੀ' ਮਰਿਆਦਾ ਨੂੰ ਬਚਾਉਣ ਲਈ ਆਪਣੇ ਪ੍ਰਾਣਾਂ ਦੀ ਬਲੀ ਦੇ ਦਿੰਦੀ ਹੈ । ਜੇ ਇੱਥੇ ਜੈਨੀ ਵਿੱਚ ਵੀ ਪੱਛਮ ਦੀ ਭੜਕੀ ਹੋਈ ਔਰਤ ਦੀ ਆਜ਼ਾਦੀ ਦਾ ਸੰਕਲਪ ਭਾਰੂ ਹੁੰਦਾ ਤਾਂ ਉਹ ਵੀ ਬਿਨਾਂ ਕਿਸੇ ਹੱਠ ਅਤੇ ਝਿਜਕ ਦੇ ਉਹੀ ਕੁੱਝ ਕਰ ਲੈਂਦੀ ਜਿਸ ਦੀ ਕਿ ਡੇਵਿਡ ਉਸ ਕੋਲੋਂ ਆਸ ਰੱਖਦਾ ਸੀ ਪਰ ਜੈਨੀ ਨੇ ਅਜਿਹਾ ਕਰਨ ਦੀ ਬਜਾਏ ਆਪਣੀ ਜਾਨ ਦੇ ਦੇਣਾ ਹੀ ਬਿਹਤਰ ਸਮਝਿਆ । ਕਹਾਣੀ ਵਿੱਚ ਨਾਇਕਾ ਦਾ ਅਜਿਹਾ ਦੁਖਾਂਤ ਭਾਰਤੀ ਪਾਠਕ ਦੇ ਮਨ ਵਿੱਚ ਡੂੰਘੀ ਚੀਸ ਬਣ ਕੇ ਉਭਰਦਾ ਹੈ । ਲੇਖਕ ਨੇ ਇਸ ਕਹਾਣੀ ਦੇ ਸਿਰਲੇਖ ਵਿੱਚ ਹੀ ਪਾਠਕ ਦੇ ਮਨ ਵਿੱਚ ਇੱਕ ਵੱਡਾ ਪ੍ਰਸ਼ਨ ਖੜ੍ਹਾ ਕੀਤਾ ਹੈ । ਔਰਤ ਮਰਦ ਦੇ ਰਿਸ਼ਤਿਆਂ ਵਿੱਚ ਜੋ ਕੁੱਝ ਇਸ ਤਰ੍ਹਾਂ ਭਿਆਨਕ ਅਤੇ ਘਿਨਾਉਣਾ ਵਾਪਰਦਾ ਹੈ ਇਹਦੇ ਪਿੱਛੇ ਕਸੂੲਰ ਕਿਸਦਾ ਹੈ? - ਦੋਸ਼ ਕਿਸਦਾ ਹੈ? ਕਸੂਰ ਉਸ ਸਮਾਜ ਦੇ ਭ੍ਰਿਸ਼ਟ ਸਭਿਆਚਾਰ ਦਾ ਹੈ ਜਿੱਥੇ ਔਰਤ ਮਰਦ ਦੇ ਆਪਸੀ ਰਿਸ਼ਤਿਆਂ ਵਿੱਚ ਸਿਰਫ ਕਾਮ-ਤ੍ਰਿਪਤੀ ਦਾ ਸੁਆਰਥ ਹੀ ਭਾਰੂ ਹੈ ਨਾ ਕਿ ਇੱਕ ਦੂਜੇ ਲਈ ਤਿਆਗ ਦੀ ਭਾਵਨਾ ਅਤੇ ਕੁਰਬਾਨੀ ਦਾ ਜਜ਼ਬਾ ।

ਇਸ ਸੰਗ੍ਰਹਿ ਦੀ ਇੱਕ ਹੋਰ ਸਾਰਥਿਕ ਕਹਾਣੀ ਹੈ 'ਜੱਟ ਦਾ ਪੁੱਤ' ਕਹਾਣ ਦਾ ਨਾਇਕ ਗੁਰਮੀਤ ਪੰਜਾਬ ਦੇ ਮੱਧ ਸ਼੍ਰੇਣੀ ਦੇ ਇੱਕ ਕਿਸਾਨ ਘਰਾਣੇ ਨਾਲ ਸੰਬੰਧਿਤ ਹੈ । ਮੱਧ ਸ਼੍ਰੇਣੀ ਦਾ ਭਾਂਜਵਾਦੀ ਕਿਰਦਾਰ ਇਸ ਕਹਾਣੀ ਵਿੱਚ ਪੇਸ਼ ਹੈ । ਗੁਰਮੀਤ ਪੰਜਾਬ ਵਿਚਲੀ ਵਿਦਿਆਰਥੀਆਂ ਦੀ ਜਮਹੂਰੀ ਲਹਿਰ ਦੇ ਆਗੂਆਂ ਦੀ ਸਮਾਜਵਾਦੀ ਸੂਝ ਬੂਝ ਤੋਂ ਬੇਹੱਦ ਪ੍ਰਭਾਵਿਤ ਹੈ ਪਰ ਉਹਦੇ ਮਾਂ ਪਿਓ ਦੀ ਮੋਹ ਮਾਇਆ ਦੀਆਂ ਲਾਲਸਾਵਾਂ ਅਤੇ ਉਹਦਾ ਆਪਣਾ ਅੰਦਰਲਾ ਡਰ ਉਹਨੂੰ ਇਸ ਮਹਾਨ ਉਦੇਸ਼ ਤੋਂ ਉਖੇੜ ਦਿੰਦੇ ਹਨ । ਅਖੀਰ ਦਵੰਦ ਵਿੱਚ ਫਸਿਆ ਉਹ ਮਿਹਨਤਕਸ਼ ਲੋਕਾਂ ਦੇ ਘੋਲ ਤੋਂ ਭੱਜ ਕੇ ਕੈਨੇਡਾ ਜਾ ਕੇ ਖੁਸ਼ਹਾਲ ਹੋਣ ਦਾ ਫੈਸਲਾ ਕਰ ਲੈਂਦਾ ਹੈ । ਉਹਨੇ ਇੱਥੇ ਆਪਣੇ ਆਪ ਨੂੰ ਜਨ ਸਾਧਾਰਣ ਵਾਂਗ ਵਿਦੇਸ਼ੀ ਸਮਾਜਿਕ ਜੀਵਨ ਨਾਲ ਢਾਲ ਲਿਆ ਹੈ । ਉਹ ਆਪਣਾ ਪਿਛੋਕੜ ਭਾਵੇਂ ਬਿਲਕੁੱਲ ਭੁੱਲ ਜਾਣਾ ਚਾਹੁੰਦਾ ਹੈ ਪਰ ਉਹਦੇ ਅੰਦਰ ਆਪਣੀ ਹਉਮੈ, ਗੁੱਸਾ ਅਤੇ ਸ਼ਰਮ ਉਵੇਂ ਛੁਪ ਕੇ ਬੈਠੇ ਰਹਿੰਦੇ ਹਨ । ਸਿਨਮੇ ਵਿੱਚ ਜਦੋਂ ਉਹਦੀ ਭੈਣ ਨਾਲ ਕੁੱਝ ਨੌਜਵਾਨ ਅਵਾਰਾ ਮੁੰਡੇ ਛੇੜਖਾਨੀ ਕਰਨ ਦੀ ਕੋਸ਼ਿਸ਼ ਕਰਦੇ ਹਨ ਉਸ ਸਮੇਂ ਉਸ ਦੀ ਛੁਪੀ ਹੋਈ ਅਣਖ ਇੱਕ ਵਾਰ ਫੇਰ ਉਸ ਨੂੰ ਵੰਗਾਰਦੀ ਹੈ— ਉਹ ਇੱਕ ਦਮ ਉਨ੍ਹਾਂ ਮੁੰਡਿਆਂ ਉੱਤੇ ਭੁੱਖੇ ਸ਼ੇਰ ਵਾਂਗ ਝਪਟ ਪੈਂਦਾ ਹੈ । ਉਹਦੇ ਮੂੰਹ ਵਿੱਚੋਂ ਆਪ ਮੁਹਾਰੇ ਇਹ ਸ਼ਬਦ ਨਿਕਲਦੇ ਹਨ ਕਿ ਉਹ ਵੀ ਜੱਟ ਦਾ ਪੁੱਤ ਹੈ — ਉਹ ਉਨ੍ਹਾਂ ਨੂੰ ਠਿਕਾਣੇ ਲਾ ਕੇ ਛੱਡੇਗਾ । ਪਰ ਇੱਥੇ ਸਥਿਤੀ ਦਾ ਵਿਅੰਗ ਇਹ ਹੈ ਕਿ ਇਸ ਵਾਰ ਉਹਦੀ ਅਣਖ ਸਮੂਹ ਲੋਕਾਂ ਦੀ ਲੜਾਈ ਦੀ ਖਾਤਰ ਨਹੀਂ ਇੱਕ ਨਿੱਜੀ ਘਰੇਲੂ ਮਸਲੇ 'ਤੇ ਜਾਗੀ ਹੈ ।

'ਸਾਧੂ' ਦਾ ਇਹ ਪਲੇਠਾ ਕਹਾਣੀ-ਸੰਗ੍ਰਹਿ ਜਿੱਥੇ ਭਾਰਤ ਵਿੱਚੋਂ ਕੈਨੇਡਾ ਵਿੱਚ ਗਏ ਲੋਕਾਂ ਦੇ ਸਮਾਜਿਕ ਜੀਵਨ ਅਤੇ ਉਨ੍ਹਾਂ ਦੀ ਖੰਡਤ ਹੋਂਦ ਦੇ ਸੱਚ ਨੂੰ ਉਭਾਰਦਾ ਹੈ ਉੱਥੇ ਇਹ ਸੰਗ੍ਰਹਿ ਸਾਧੂ ਦੇ ਇੱਕ ਸੰਭਾਵਨਾਵਾਂ ਭਰਪੂਰ ਕਹਾਣੀਕਾਰ ਬਣਨ ਦਾ ਵੀ ਪ੍ਰਮਾਣ ਪੇਸ਼ ਕਰਦਾ ਹੈ ।

(ਗੁਰਬਖਸ਼ ਜੱਸ)

(ਪੰਨਾ 8 ਦੀ ਬਾਕੀ)

ਨੌਕਰੀ ਜਾਣ ਸਮੇਂ ਬੱਚਿਆਂ ਦੀ ਦੇਖਭਾਲ ਲਈ ਇਹ ਜ਼ਰੂਰੀ ਸੀ।

ਬੇਅੰਤ ਸਿੰਘ ਆਪਣੇ ਛੋਟੇ ਭਰਾ ਦੀ ਸ਼ਾਦੀ ਵਿੱਚ ਸ਼ਾਮਲ ਹੋਣ ਲਈ ਜੂਨ ਵਿੱਚ ਪਿੰਡ ਆਇਆ ਸੀ ਉਸ ਸਮੇਂ ਉਸ ਨਾਲ ਬਿਮਲ ਅਤੇ ਉਸ ਦੇ ਬੱਚੇ ਵੀ ਸਨ ਬੇਅੰਤ ਸਿੰਘ ਵੱਲੋਂ ਸ੍ਰੀਮਤੀ ਇੰਦਰਾ ਗਾਂਧੀ ਦੀ ਕੀਤੀ ਗਈ ਹੱਤਿਆ ਬਾਰੇ ਪਿੰਡ ਵਾਸੀ ਹੈਰਾਨ ਹਨ। "ਉਹ ਅਜਿਹਾ ਆਦਮੀ ਨਹੀਂ ਸੀ। ਸ਼ਮਸ਼ੇਰ ਸਿੰਘ ਤੋਂ ਬਿਨਾਂ ਸਾਡਾ ਸਾਰਾ ਪਰਿਵਾਰ ਕਾਂਗਰਸ (ਇ.) ਪੱਖੀ ਰਿਹਾ ਸੀ। ਇਹ ਕਾਂਗਰਸ ਸਰਕਾਰ ਦੀ ਰਿਜ਼ਰਵ ਨੀਤੀ ਦਾ ਹੀ ਸਿੱਟਾ ਸੀ ਕਿ ਬੇਅੰਤ ਸਿੰਘ ਦਿੱਲੀ ਪੁਲੀਸ ਵਿੱਚ ਬਤੌਰ ਸਬ ਇਨਸਪੈਕਟਰ ਦੇ ਨੌਕਰੀ ਪ੍ਰਾਪਤ ਕਰ ਸਕਿਆ ਸੀ।" - ਕ੍ਰਿਪਾਲ ਸਿੰਘ ਕਹਿੰਦਾ ਹੈ। "ਬੇਅੰਤ ਸਿੰਘ 1974 ਵਿੱਚ ਪੰਜਾਬ ਸਿਵਲ ਸਰਵਿਸ ਵਿੱਚ ਹੁੰਦਾ ਜੇਕਰ ਉਸ ਨੂੰ ਰੀਜ਼ਰਵੇਸ਼ਨ ਦਾ ਫਾਇਦਾ ਦਿੱਤਾ ਹੁੰਦਾ। ਮੈਂ ਉਸ ਸਮੇਂ ਪੰਜਾਬ ਦੇ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਸ੍ਰੀ ਬਾਂਸਲ ਨਾਲ ਇਸ ਸਬੰਧੀ ਗੱਲ ਵੀ ਕੀਤੀ ਪਰ ਉਸ ਨੇ ਇਹ ਕਹਿ ਕੇ ਆਪਣੀ ਬੇਵਸੀ ਜ਼ਾਹਿਰ ਕੀਤੀ ਕਿ ਚੰਡੀਗੜ੍ਹ ਦੇ ਕਿਸੇ ਨੂੰ ਵੀ ਇਸ ਰਿਜ਼ਰਵ ਕੋਟੇ ਲਈ ਨਹੀਂ ਲਿਆ ਗਿਆ।" ਸ਼ਮਸ਼ੇਰ ਸਿੰਘ ਦਾ ਕਹਿਣਾ ਹੈ।

ਬੇਅੰਤ ਸਿੰਘ ਨੇ ਪ੍ਰਧਾਨ ਮੰਤਰੀ ਦੇ ਸਕਿਉਰਿਟੀ ਸਟਾਫ ਨੂੰ ਦੀਵਾਲੀ ਦੇ ਤਿਉਹਾਰ ਤੇ ਦਿੱਤਾ ਜਾਣ ਵਾਲਾ 100 ਰੁਪਿਆ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਸ੍ਰੀਮਤੀ ਗਾਂਧੀ ਨੂੰ ਕਤਲ ਕੀਤੇ ਜਾਣ ਸਬੰਧੀ ਇਸ ਸਾਜ਼ਿਸ਼ ਬਾਰੇ ਸਕਿਉਰਿਟੀ ਸਟਾਫ ਦੇ ਕਈ ਮੈਂਬਰਾਂ ਨੂੰ ਪਤਾ ਸੀ। ਦਿੱਲੀ ਪੁਲਿਸ ਦੀ ਕਰਾਈਮ ਬਰਾਂਚ ਨੇ ਹੋਰਾਂ ਤੋਂ ਬਿਨਾਂ ਸਬ ਇਨਸਪੈਕਟਰ ਬਲਬੀਰ ਸਿੰਘ, ਅਮਰਜੀਤ ਸਿੰਘ, ਅਜਾਇਬ ਸਿੰਘ ਤੇ ਗੁਰਦੇਵ ਸਿੰਘ ਤੇ ਸਿਪਾਹੀ ਜਗਤਾਰ ਸਿੰਘ ਤੋਂ ਪੁੱਛ ਗਿੱਛ ਕੀਤੀ ਹੈ। ਬੇਅੰਤ ਸਿੰਘ ਨੇ ਸਬ ਇਨਸਪੈਕਟਰ ਬਲਬੀਰ ਸਿੰਘ ਰਾਮਗੜ੍ਹੀਆ, ਨੂੰ ਵੀ ਸ੍ਰੀਮਤੀ ਗਾਂਧੀ ਨੂੰ ਕਤਲ ਕਰਨ ਲਈ ਭਾਈਵਾਲ ਬਨਾਉਣ ਲਈ ਟੋਹਿਆ ਸੀ ਅਤੇ ਉਸ ਦੀ ਮੱਦਦ ਮੰਗੀ ਸੀ। ਬਲਬੀਰ ਸਿੰਘ ਨੇ ਹਾਮੀ ਭਰੀ ਸੀ ਪਰ ਕਿਹਾ ਜਾਂਦਾ ਹੈ ਕਿ ਬੇਅੰਤ ਸਿੰਘ ਨੇ ਫੇਰ ਉਸ ਨਾਲ ਗੱਲ ਨਹੀਂ ਸੀ ਤੋਰੀ।

ਇਸ ਸਮੇਂ ਦਰਮਿਆਨ ਬਲਬੀਰ ਸਿੰਘ ਕਿਸੇ ਹੋਰ ਗਰੁੱਪ ਦੇ ਸੰਪਰਕ ਵਿੱਚ ਆ ਗਿਆ ਜਿਨ੍ਹਾਂ ਨੇ ਕਿ ਸ੍ਰੀਮਤੀ ਗਾਂਧੀ ਦੀ 'ਹੱਤਿਆ' ਕਰਨ ਦੀ ਸਾਜ਼ਿਸ਼ ਰਚੀ ਹੋਈ ਸੀ। ਕਿਹਾ ਜਾਂਦਾ ਹੈ ਕਿ ਬਲਬੀਰ ਸਿੰਘ ਨੇ ਇਸ ਸਬੰਧ ਵਿੱਚ ਛੇ ਲੱਖ ਰੁਪਏ ਅਤੇ ਨਿਸ਼ਾਨੇ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਬਰੂਦ ਦੀ ਮੰਗ ਕੀਤੀ ਸੀ। ਸਾਜ਼ਸ਼ੀਆਂ ਵਿੱਚੋਂ ਇੱਕ ਉਦਯੋਗਪਤੀ ਨੇ ਨਕਦੀ ਰੂਪ ਵਿੱਚ 20,000 ਰੁਪਏ ਅਤੇ 50,000 ਰੁਪਏ ਬਾਅਦ ਵਿੱਚ ਦੇਣ ਦਾ ਵਾਇਦਾ ਕੀਤਾ ਸੀ। ਖ਼ੈਰ, ਇਹ ਸਾਜ਼ਿਸ਼ ਸਿਰੇ ਨਾ ਚੜ੍ਹ ਸਕੀ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਗੁਪਤਚਰ ਏਜੰਸੀਆਂ ਇਸ ਗੱਲ ਤੋਂ ਬੇਖ਼ਬਰ ਸਨ ਕਿ ਪ੍ਰਧਾਨ ਮੰਤਰੀ ਵਿਰੁੱਧ ਕਿਹੋ ਜਿਹੀ ਸਾਜ਼ਿਸ਼ ਰਚੀ ਜਾ ਰਹੀ ਹੈ। ਬੇਅੰਤ ਸਿੰਘ ਅਤੇ ਸਤਵੰਤ ਸਿੰਘ ਦਾ ਅੰਮ੍ਰਿਤ ਛਕਣਾ ਅਤੇ ਉਨ੍ਹਾਂ ਵੱਲੋਂ ਦੀਵਾਲੀ ਦਾ ਤੋਹਫਾ ਲੈਣ ਤੋਂ ਇਨਕਾਰ ਕਰਨਾ ਕਿਸੇ ਕਿਸਮ ਦਾ ਸ਼ੱਕ ਨਹੀਂ ਸੀ ਪੈਦਾ ਕਰਦਾ?

ਕੁੱਝ ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਦੇ ਘਰ ਸਕਿਉਰਿਟੀ ਸਟਾਫ ਵਿੱਚ ਕਿਸੇ ਦੀ ਬਦਲੀ ਕਰਨਾ ਪੁਲਸੀਆਂ ਲਈ ਇੱਕ ਕਿਸਮ ਦੀ ਸਜ਼ਾ ਹੈ। ਕੋਈ ਵੀ ਆਪਣੇ ਆਪ ਉਥੇ ਆਪਣੀ ਬਦਲੀ ਕਰਵਾ ਕੇ ਰਾਜ਼ੀ ਨਹੀਂ। 'ਸਫਦਰ ਜੰਗ ਵਿੱਚ ਡਿਊਟੀ ਦੇ ਰਹੇ ਬਹੁਤ ਸਾਰੇ ਪੁਲਿਸ ਕਰਮਚਾਰੀ ਇੱਥੇ ਆਉਣ ਤੋਂ ਪਹਿਲਾਂ ਪੁਲੀਸ ਸਟੇਸ਼ਨਾਂ ਤੇ ਸਨ। ਪੁਲੀਸ ਨੇ ਸ੍ਰੀਮਤੀ ਗਾਂਧੀ ਦੀ ਹੱਤਿਆ ਸਬੰਧੀ ਬਿਮਲ ਦੇ ਪਿਤਾ ਗੁਰਬਚਨ ਸਿੰਘ ਅਤੇ ਉਸ ਦੇ ਭਰਾ ਨਰਿੰਦਰ ਸਿੰਘ ਤੋਂ ਵੀ ਪੁੱਛ ਪੜਤਾਲ ਕੀਤੀ ਹੈ।

ਬੇਅੰਤ ਸਿੰਘ, ਸਤਵੰਤ ਸਿੰਘ ਅਤੇ ਬਿਮਲ ਦੇ ਸਾਰੇ ਰਿਸ਼ਤੇਦਾਰ ਰਿਹਾ ਕੀਤੇ ਜਾ ਚੁੱਕੇ ਹਨ।

ਅਜਮੇਰ ਰੋਡੇ ਦੀਆਂ ਦੋ ਨਜ਼ਮਾਂ

ਇਹ ਕਿਹੋ ਜਿਹੀ ਵਿਦਿਆ ਹੈ?

ਇਹ ਕਿਹੋ ਜਿਹੀ ਵਿਦਿਆ ਹੈ ਧਰਮਵਾਨੋ
ਇਹ ਕਿਹੋ ਜਿਹਾ ਧਰਮ ਹੈ ਵਿਦਵਾਨੋ
ਕਿ ਤੁਸੀਂ ਆਪਣੇ ਹੀ ਰਿਸ਼ੀਆਂ ਗੁਰੂਆਂ ਦੇ
ਬੋਲਾਂ ਦੀ ਖਿਲੀ ਉਡਾ ਰਹੇ ਹੋ
ਗਰੰਥਾਂ ਦੇ ਪੰਨੇ ਪਾੜ ਪਾੜ
ਆਪਣੇ ਫਾਇਰ ਪਲੇਸ ਤਾ ਰਹੇ ਹੋ
ਘਰ ਗਰਮਾ ਰਹੇ ਹੋ, ਇਕ ਦੂਜੇ ਨੂੰ ਮਾਤ ਪਾ ਰਹੇ ਹੋ
ਪਿਉਆਂ ਵਰਗਾ ਬਜ਼ੁਰਗ ਇੰਦਰ ਸਿੰਘ
ਦਿਨੀਂ ਭਰ ਗੋਡਿਆਂ ਦੀ ਪੀੜ ਰੂਹ ਦੀ ਚੀਸ ਜਰਦਾ ਹੈ
ਜਿੰਨੀ ਕੁ ਬੇਰੀ ਤੋੜਦਾ ਹੈ ਓਨਾ ਕੁ ਰੋਜ਼ ਮਰਦਾ ਹੈ।
ਪਰ ਮਰ ਕੇ ਜੋ ਕਮਾਉਂਦਾ ਹੈ
ਉਸ ਚੋਂ ਵੀ ਕੁੱਝ ਬਚਾਉਂਦਾ ਹੈ
ਓਸੇ ਚੋਂ ਮੱਥਾ ਟੇਕਦਾ ਤਿਲਫੁੱਲ ਚੜ੍ਹਾਵਾ ਚੜਾਉਂਦਾ ਹੈ।
ਤੇ ਤੁਸੀਂ ਦੋਸਤੋ ਕਮਾਲ ਕਰਦੇ ਹੋ
ਜਿਸ ਦੀ ਕਮਾਈ ਸਦਕਾ
ਧਰਮ ਰੱਖਿਆ ਲਈ ਨਾਅਰੇ ਬੁਲੰਦ ਕਰਦੇ ਹੋ
ਉਸ ਗਰੀਬ ਦੀ ਰੋਜ਼ ਲਹਿੰਦੀ ਪੱਗ ਲਈ
ਕਿੰਨਾ ਕੁ ਲੜਦੇ ਹੋ।
ਇਹ ਕਿਹੋ ਜਿਹੀ ਅਣਖ ਹੈ ਜ਼ੋਸ਼ੀਲਿਓ
ਇਹ ਕਿਹੋ ਜਿਹਾ ਜੋਸ਼ ਹੈ ਅਣਖੀਲਿਓ
ਜੋ ਦੂਰੋਂ ਧਰਮ ਨੂੰ ਖਤਰੇ ਦੀ ਮੱਧਮ ਜਿਹੀ ਆਵਾਜ਼ ਵੀ ਸੁਣਦਾ ਹੈ
ਤਾਂ ਬਾਰੂਦ ਵਾਂਗ ਭੜਕ ਉਠਦਾ ਹੈ
ਤੁਹਾਡੇ ਸਾਹਮਣੇ ਦਿਨ ਦਿਹਾੜੇ
ਤੁਹਾਡੇ ਬੱਚਿਆਂ ਨੂੰ ਕੋਈ ਨਿੱਗਰ ਕਹੇ, ਪਾਕੀ ਰਹੇ
ਕੰਮ ਕਰਦੀਆਂ ਮਾਵਾਂ ਧੀਆਂ ਭੈਣਾਂ ਨੂੰ ਕੋਈ ਅੱਖ ਮਾਰੇ ਟਿੱਚਰ ਕਰੇ
ਰਾਹ ਜਾਂਦੇ ਬਜ਼ੁਰਗਾਂ ਦੀ ਇੱਜ਼ਤ ਖੇਰੂੰ ਖੇਰੂੰ ਕਰੇ
ਤਾਂ ਸੌਂ ਰਹਿੰਦਾ ਹੈ।
ਇਹ ਕਿਹੋ ਜਿਹਾ ਜੋਸ਼ ਹੈ ਯਾਰੋ
ਜੋ ਉਥੇ ਵੱਸਦੇ ਦੋਸਤਾਂ ਮਿੱਤਰਾਂ ਦੇ ਹੱਕ ਵਿੱਚ ਤਾਂ
ਕੜਕਦਾ ਫਿਰਦਾ ਹੈ
ਓਹਨਾਂ ਦੇ ਪਹਿਲੇ ਤੋਂ ਦੂਜੇ ਦਰਜੇ ਦੇ ਸ਼ਹਿਰੀ ਬਣਨ ਦੀ
ਚਿੰਤਾ ਵਿੱਚ ਝੱਗ ਸੁੱਟਦਾ ਫਿਰਦਾ ਹੈ।
ਇੱਥੇ ਆਪ ਚੌਥੇ ਦਰਜੇ ਦਾ ਸ਼ੂਦਰ ਕਹਾ ਕੇ ਵੀ
ਪੂਛ ਸੁੱਟੀ ਫਿਰਦਾ ਹੈ।

ਇਹ ਕਿਹੋ ਜਿਹਾ ਯੁੱਧ ਹੈ ਬਹਾਦਰੋ
ਇਹ ਕਿਹੋ ਜਿਹੀ ਬਹਾਦਰੀ ਹੈ ਯੋਧਿਓ
ਜੋ ਅਸਲੀ ਜੰਗ ਦੇ ਮੈਦਾਨ ਚੋਂ ਤਾਂ
ਕੈਰਾਂ ਵਾਂਗ ਭੱਜਦੀ ਹੈ
ਪਰ ਹੱਥ 'ਚ ਹੱਥ ਪਾਈ ਜਾਂਦੇ ਆਪਣੇ ਹੀ ਮਿੱਤਰ ਨੂੰ
ਦੰਦਾਂ ਭਾਰ ਸੁੱਟਦੀ ਹੈ
ਕੋਈ ਸੱਚ ਦੀ ਬੋਲੀ ਬੋਲੇ, ਹੱਕਾਂ ਦੀ ਗੱਲ ਕਰੇ
ਉਸ ਦੀ ਸੰਘੀ ਘੁੱਟਦੀ ਹੈ।
ਧਰਮਾਂ ਤੋਂ ਨਿਰਲੇਪ ਬੱਚਿਆਂ ਦੀ ਦੋਸਤੀ ਨੂੰ
ਕਸਾਈਆਂ ਵਾਂਗ ਕੁੱਟਦੀ ਹੈ
ਆਪਣੀ ਉਚੀ ਹੋ ਰਹੀ ਅਣਖ ਨੂੰ, ਆਬਰੂ ਨੂੰ
ਮੁੜ ਪੈਰਾਂ 'ਚ ਸੁੱਟਦੀ ਹੈ
ਸ਼ਰੇ ਬਾਜ਼ਾਰ, ਪਰਾਇਆਂ ਵਿਚਕਾਰ
ਆਪਣੀ ਇੱਜ਼ਤ ਦਾ ਝਾਪ ਆਪ ਪੁੱਟਦੀ ਹੈ
ਇਹ ਕਿਹੋ ਜਿਹੀ ਬਹਾਦਰੀ ਹੈ ਯੋਧਿਓ
ਇਹ ਕਿਹੋ ਜਿਹਾ ਯੁੱਧ ਹੈ ਦੋਸਤੋ।

ਚਾਨਣ ਹੱਸਦਾ ਹੈ

■ ਅਜਮੇਰ ਰੋਡੇ

ਚਾਨਣ ਹੱਸਦਾ ਹੈ
ਉਹਨਾਂ 'ਤੇ
ਜੋ ਕਹਿੰਦੇ ਨੇ
ਸਗਲੇ ਰੌਸ਼ਨ ਮਸਤਕ
ਭੈ ਵਿੱਚ ਮੱਸਿਆ ਕਰ ਜਾਵਾਂਗੇ
ਆਪਣਾ ਚਾਨਣ ਭਰ ਜਾਵਾਂਗੇ

ਚਾਨਣ ਹੱਸਦਾ ਹੈ
ਉਹਨਾਂ ਤੇ
ਜੋ ਕਹਿੰਦੇ ਨੇ
ਤੁਰ ਚਾਨਣ ਦੇ ਵੇਗ
ਖੰਡ ਮੰਡਲਾਂ ਤੇ ਛਾ ਜਾਵਾਂਗੇ
ਪਰਮ ਆਨੰਦ ਨੂੰ ਪਾ ਜਾਵਾਂਗੇ

ਚਾਨਣ ਤਾਂ ਕਹਿੰਦਾ ਹੈ
ਟੁੱਟਦੇ ਤਾਰੇ ਹਾਰ
ਹੋ ਕੇ ਕਿਣਕਾ ਕਿਣਕਾ
ਬਿਖਰ ਜਾਣਗੇ ਮਿਟ ਜਾਵਣਗੇ

ਕੈਂਪਾਂ 'ਚ ਬੈਠੇ ਸ਼ਰਨਾਰਥੀਆਂ ਨੂੰ ਫੌਰੀ ਮਦਦ ਦੀ ਲੋੜ

ਨਵੀਂ ਦਿੱਲੀ (ਅਰੁਨ ਸ਼ਰਮਾ) — ਮਰਹੂਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਸ਼ਹਿਰ ਵਿਚ ਹੋਈ ਤਬਾਹੀ ਨਾਲ ਬੇਘਰ ਹੋਏ ਲੋਕਾਂ ਨੂੰ ਸਿਰ ਢੱਕਣ ਲਈ ਬਣਾਏ ਗਏ ਰਾਹਤ ਕੈਂਪ 1947 ਦੀ ਵੰਡ ਸਮੇਂ ਹੋਏ ਘਲੂ-ਘਾਰਿਆਂ ਦੀ ਯਾਦ ਦੁਆਉਂਦੇ ਹਨ। ਇਕੱਲੇ ਜਮਨਾ ਪਾਰ ਇਲਾਕੇ ਵਿਚ ਹੀ ਸਰਕਾਰ ਵਲੋਂ ਸੱਤ ਰਾਹਤ ਕੈਂਪ ਲਾਏ ਗਏ ਸਨ। ਹੋਰ ਪੰਜ ਪੱਛਮਤੇ ਉੱਤਰੀ ਦਿੱਲੀ ਵਿਚ ਲੱਗੇ ਹੋਏ ਸਨ। ਹਿੰਸਾ ਦਾ ਸ਼ਿਕਾਰ ਹੋਏ ਬਹੁਤੇ ਲੋਕਾਂ ਨੂੰ ਫੌਜ ਤੇ ਪੁਲੀਸ ਟੁਕੜੀਆਂ ਨੇ ਹੀ ਘਿਰੇ ਹੋਏ ਥਾਵਾਂ ਵਿਚ ਕੱਢ ਕੇ ਸੁਰੱਖਿਅਤ ਥਾਵਾਂ ਉਤੇ ਪਹੁੰਚਾਇਆ। ਕੁਝ ਕੁ ਹਜ਼ਾਰ ਲੋਕ ਕਿਸੇ ਨਾ ਕਿਸੇ ਤਰ੍ਹਾਂ ਨਿਕਲ ਕੇ ਆਪ ਵੀ ਇਨ੍ਹਾਂ ਕੈਂਪਾਂ ਵਿਚ ਪਹੁੰਚ ਗਏ ਸਨ। ਜਿਨ੍ਹਾਂ ਲੋਕਾਂ ਨੂੰ ਖਤਰੇ ਵਾਲੀਆਂ ਥਾਵਾਂ ਚੋਂ ਕੱਢਿਆ ਗਿਆ ਜਾਂ ਤਾਂ ਉਨ੍ਹਾਂ ਦੇ ਘਰ ਦਾ ਕੋਈ ਨਾ ਕੋਈ ਜੀਅ ਮਾਰਿਆ ਜਾ ਚੁੱਕਾ ਸੀ ਅਤੇ ਜਾਂ ਦੰਗਾ ਕਰ ਰਹੀਆਂ ਭੀੜਾਂ ਨੇ ਉਨ੍ਹਾਂ ਦੇ ਘਰਾਂ ਨੂੰ ਅੱਗ ਲਾ ਕੇ ਰਾਖ ਦੇ ਢੇਰ ਵਿਚ ਬਦਲ ਦਿਤਾ ਸੀ। ਬਚ ਕੇ ਆਉਣ ਵਾਲਿਆਂ ਵਿਚੋਂ ਵਧੇਰੇ ਔਰਤਾਂ ਅਤੇ ਬੱਚੇ ਸਨ ਜਿਹੜੇ ਕਿ ਆਪਣੇ ਨਾਲ ਥੋੜ੍ਹੀ ਬਹੁਤੀ ਨਕਦੀ ਅਤੇ ਹੋਰ ਨਿੱਕਾ ਮੋਟਾ ਨਿਕ ਸੁੱਕ ਨਾਲ ਲਿਆ ਸਕੇ।

ਜਿਹੜੇ ਲੋਕ ਆਪਣੇ ਆਪ ਕਿਸੇ ਨਾ ਕਿਸੇ ਤਰ੍ਹਾਂ ਬਚ ਦੇ ਬਚਾਉਂਦੇ ਕੈਂਪਾਂ ਤਕ ਪਹੁੰਚੇ ਉਨ੍ਹਾਂ ਦੇ ਦੁੱਖ ਦਸਣ ਤੋਂ ਬਾਹਰ ਹਨ। ਜਿਨਾਂ ਵਿਚੋਂ ਕੁਝ ਨੂੰ ਉਨ੍ਹਾਂ ਦੇ ਗੁਆਂਢੀ ਹਿੰਦੂਅ ਨੇ ਵੀ ਪਨਾਹ ਦਿਤੀ ਪ੍ਰੰਤੂ ਬਾਅਦ ਵਿਚ ਉਨ੍ਹ ਨੇ ਵੀ ਆਪਣੇ ਭਾਈਚਾਰੇ ਦੇ ਲੋਕਾਂ ਦੇ ਨਾਲ ਖੜਨਾ ਹੀ ਠੀਕ ਸਮਝਿਆ।


9 ਨਵੰਬਰ ਤਕ ਸਮਾਜ ਸੇਵਕ ਜਥੇ-ਬੰਦੀਆਂ ਵਲੋਂ ਵੀ 7 ਹਰ ਰਾਹਤ ਕੈਂਪ ਸਥਾਪਤ ਕੀਤੇ ਗਏ। ਇਨ੍ਹਾਂ ਵਿਚੋਂ ਮੁਖ ਕੈਂਪ ਭੋਗਲ, ਤ੍ਰਿਲੋਕਪੁਰੀ, ਗਾਂਧੀ, ਨਗਰ, ਫਰਸ਼ ਬਜ਼ਾਰ, ਪੰਜਾਬੀ ਬਾਗ, ਏਅਰ ਫੋਰਸ ਸਟੇਸ਼ਨ, ਜਨਕਪੁਰੀ, ਹਰੀ ਨਗਰ, ਫਤਿਹ ਨਗਰ, ਤਿਲਕ ਨਗਰ ਅਤੇ ਦਿੱਲੀ ਛਾਉਣੀ ਵਿਚ ਹਨ।

ਇਸ ਰਿਪੋਰਟ ਦੇ ਲਿਖੇ ਜਾਣ ਤਕ ਦਿਲੀ ਦੇ ਵਖ ਵਖ 16 ਗੁਰਦੁਆਰਿਆਂ ਵਿਚ 10,525 ਸ਼ਰਨਾਰਥੀਆਂ ਨੇ ਪਨਾਹ ਲਈ ਹੋਈ ਹੈ। ਇਨ੍ਹਾਂ ਵਿਚ ਤਿਲਕ ਨਗਰ (ਬਲਾਕ 20), ਬਾਲਾ ਸਾਹਿਬ, ਸਿੰਘ ਸਭਾ (ਸਦਰ), ਬੰਗਲਾ ਸਾਹਿਬ, ਰਕਾਬ ਗੰਜ, ਨਾਨਕਸਰ, ਭਜਨ-ਪੁਰਾ, ਮਾਤਾ ਸੁੰਦਰੀ ਜੀ, ਰਾਮਗੜ੍ਹੀਆ ਭਵਨ (ਹਰੀ ਨਗਰ), ਗੁਰਦੁਆਰਾ ਹਰੀ ਨਗਰ (ਸੀ ਬਲਾਕ), ਸਿੰਘ ਸਭਾ (ਫਤਹਿਨਗਰ), ਨਾਨਕ ਪਿਆਉ, ਗਾਂਧੀ ਨਗਰ, ਪਾਂਡੇ ਨਗਰ ਅਤੇ ਰਾਧੂ ਪੈਲੇਸ।

ਗੁਰਦੁਆਰਾ ਨਾਨਕਸਰ, ਭਜਨ-ਪੁਰਾ ਵਿਚ ਪਨਾਹ ਲੈਣ ਵਾਲਿਆਂ ਦੀ ਗਿਣਤੀ 3500 ਹੈ। ਇਨ੍ਹਾਂ ਦੇ ਸੰਚਾਲਕ ਸੰਤ ਗੁਰਮੇਲ ਸਿੰਘ ਜੀ ਹਨ। ਹੋਰ ਇਨ੍ਹਾਂ ਕੈਂਪਾਂ ਵਿਚ ਕੋਈ 50,000 ਸ਼ਰ-ਨਾਰਥੀਆਂ ਨੇ ਸ਼ਰਨ ਲਈ। ਇਨ੍ਹਾਂ ਵਿਚੋਂ 15,000 ਤੋਂ 20,000 ਤਕ ਆਪਣੀ ਇਛਾ ਨਾਲ ਘਰਾਂ ਨੂੰ ਪਰਤ ਗਏ। ਕੋਈ 19,000 ਸ਼ਰਨਾਰਥੀਆਂ ਨੂੰ ਕੈਂਪਾਂ ਤੋਂ ਜਾਣ ਲਈ ਪ੍ਰੇਰਿਆ ਗਿਆ। ਬਹੁਤ ਸਾਰਿਆਂ ਨੇ ਗੁਰਦੁਆਰਿਆਂ ਵਿਚ ਸ਼ਰਨ ਲਈ।
2000 ਗੁਰਦੁਆਰਾ ਸਿੰਘ ਸਭਾ (ਸਦਰ) ਵਿਚ ਹਨ ਅਤੇ ਕੋਈ 1500 ਸ਼ਰਨਾਰਥੀ ਗੁਰਦੁਆਰਾ ਬਾਲਾ ਸਾਹਿਬ ਵਿਚ ਹਨ। ਤਿਲਕ ਨਗਰ ਅਤੇ ਮੋਤੀ ਬਾਗ ਵਿਚ ਕਰਮਵਾਰ ਇੰਨ੍ਹਾਂ ਦੀ ਗਿਣਤੀ - 600 ਅਤੇ 500 ਹੈ। ਗੁਰਦੁਆਰਾ ਰਾਮ-ਗੜ੍ਹੀਆ ਭਵਨ, ਹਰੀ ਨਗਰ (ਸੀ ਬਲਾਕ) ਅਤੇ ਸਿੰਘ ਸਭਾ (ਫਤਹਿ ਨਗਰ) 'ਚ ਹਰੇਕ 'ਚ ਗਿਣਤੀ 250 ਹੈ। ਰਕਾਬਗੰਜ ਵਿਚ ਸ਼ਰਨਾਰਥੀਆਂ ਦੀ ਗਿਣਤੀ 150 ਹੈ।

ਬਾਕੀ ਦੂਜੇ ਗੁਰਦੁਆਰਿਆਂ ਵਿਚ ਰਹਿ ਰਹੇ ਹਨ। ਇਨ੍ਹਾਂ 16 ਗੁਰਦੁਆਰਾ ਕੈਂਪਾਂ ਦਾ ਪ੍ਰਬੰਧ ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਥਾਨਕ ਸਿੱਖ ਸੰਸਥਾਵਾਂ ਵਲੋਂ ਕੀਤਾ ਜਾ ਰਿਹਾ ਹੈ। ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਰਾਹਤ ਦਿਤੀ ਹੈ ਪ੍ਰੰਤੂ ਇਹ ਅਜੇ ਦੰਗਾ ਪੀੜਤ ਦਿੱਲੀ ਵਿਚ ਪਹੁੰਚ ਨਹੀਂ ਹੈ।





ਵਿਦਿਆ ਕੱਲ੍ਹ ਦੀਆਂ ਲੋੜਾਂ ਅਨੁਸਾਰ

ਉਚ ਤਕਨੀਕੀ ਹੁਨਰ ਅਤੇ ਵਿਗਿਆਨਕ ਪਰਾਪਤੀਆਂ ਦੇ ਇਸ ਯੁੱਗ ਵਿੱਚ, ਇਹ ਜ਼ਰੂਰੀ ਹੈ, ਕਿ ਸਾਡੇ ਵਿਦਿਆਰਥੀ ਇਸ ਸੂਬੇ ਦੀ ਭਵਿੱਖ ਵਿੱਚ ਹੋਣ ਵਾਲੀ ਉਨਤੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਹੋਣ।

ਏਸੇ ਕਰਕੇ ਮਾਪਿਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨਾਲ ਰਲ ਮਿਲ ਕੇ ਅਸੀਂ ਬੀ. ਸੀ. ਵਿੱਚ ਵਿਦਿਆ ਦੀ ਪੱਧਰ ਅਤੇ ਇਸ ਦੇ ਢੰਗਾਂ ਨੂੰ ਉਨਤ ਕਰਨ ਲਈ ਹੰਭਲਾ ਮਾਰ ਰਹੇ ਹਾਂ। ਅਸੀਂ ਸਾਰੇ, ਰਲ ਮਿਲ, ਇੱਕ ਸਾਂਝੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹਾਂ। ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਅਤੇ ਕਾਰਦਾਤਿਆਂ ਦੀ ਮੰਗ ਅਨੁਸਾਰ ਉਨ੍ਹਾਂ ਨੂੰ ਤਿਆਰ ਕਰਨਾ।

ਬੀ. ਸੀ. ਦਾ ਭਵਿੱਖਤ ਉਸੇ ਤਰ੍ਹਾਂ ਉਜਲਾ ਹੈ ਜਿਵੇਂ ਅਜੋਕੇ ਵਿਦਿਆਰਥੀ ਇੱਕ ਨਿੱਗਰ ਅਤੇ ਜ਼ਿੰਮੇਵਾਰ ਵਿਦਿਅਕ ਪ੍ਰਣਾਲੀ ਉਸੇ ਭਵਿੱਖਤ ਲਈ ਸਾਡਾ ਸਰਮਾਇਆ ਹੈ।

BC Province of British Columbia
Ministry of Education
Hon. Jack Heinrich, Minister

‘ਕੈਨੇਡਾ ਦਰਪਣ’ ਦੇ ਚੰਦੇ ਦਾ ਫ਼ਾਰਮ
SUBSCRIPTION FORM

To

The Canada Darpan
P.O.Box. 67344,STN.‘O’
VANCOUVER,B.C.
CANADA V5W 3T1

Phone (604)321-6360

I am enclosing a □ cheque □ M.O. □ Draft as my Subscription for the year(s)....... I may be sent the newspaper at the following address :

Name..
Address...
City..
Province..
Postal code...
PHONE.

One Year ....20 dollars
Two Year ....35 dollars
Three year ....50 dollars
Life membership..................200 dollars
ASIA...................................80 dollars(a year)
U.S.A. ....25 dollars(a year)
Europe ....80 dollars(a year)
Africa ....80 dollars(a year)

WANTS JOB

Medical Secretary waiting work. Would like to do any other office work. Can speak both English and Punjabi. Contact at

Ph. 327-1990

ਕੰਮ ਦੀ ਲੋੜ

ਮੈਡੀਕਲ ਸੈਕ੍ਰੇਟਰੀ ਨੂੰ ਕੰਮ ਦੀ ਲੋੜ ਹੈ। ਹੋਰ ਦਫਤਰੀ ਕੰਮ ਲਈ ਵੀ ਵਿਚਾਰਿਆ ਜਾ ਸਕਦਾ ਹੈ। ਅੰਗਰੇਜ਼ੀ ਅਤੇ ਪੰਜਾਬੀ ਬੋਲਣ ਦਾ ਮੁਹਾਰਤ ਹੈ। ਇਸ ਪਤੇ ਤੇ ਫੋਨ ਕਰੋ

327-1990

ਲੜਕੀ ਦੀ ਲੋੜ

ਇੱਕ ਜੱਟ ਸਿੱਖ 29 ਸਾਲਾ ਖੂਬਸੂਰਤ ਕਨੇਡੀਅਨ ਸਿਟੀਜਨ ਲੜਕੇ ਲਈ ਸੁੰਦਰ ਅਤੇ ਸੂਝਵਾਨ ਲੜਕੀ ਦੀ ਜ਼ਰੂਰਤ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਤੇ ਉਸ ਦਾ ਆਪਣਾ ਵਧੀਆ ਵਿਉਪਾਰ ਚੱਲ ਰਿਹਾ ਹੈ। ਲੜਕੀ ਦਰਮਿਆਨੇ ਕੱਦ ਦੀ, ਖੂਬਸੂਰਤ ਅਤੇ ਚੰਗੇ ਪਰਿਵਾਰ ਦੀ ਹੋਣੀ ਚਾਹੀਦੀ ਹੈ। ਹੋਰ ਜਾਣਕਾਰੀ ਲਈ ਫੋਨ ਕਰੋ - (604) 980-4411

- ਡਾ੦ ਨਰੇਸ਼

ਹਰ ਅਵਸਥਾ ਵਿੱਚ ਢਲ, ਜਾਂਦੇ ਨੇ ਲੋਕ।
ਮੌਸਮਾਂ ਵਾਂਗੂ ਬਦਲ ਜਾਂਦੇ ਨੇ ਲੋਕ।

ਅਪਣਿਆਂ ਦਾ ਕੱਦ ਵਧਦਾ ਵੇਖ ਕੇ,
ਈਰਖਾ - ਅਗਨੀ ’ਚ ਬਲ ਜਾਂਦੇ ਨੇ ਲੋਕ।

ਬੇਦੀ ਵਲੋਂ ਅਮਨ ਫੰਡ ਕਾਇਮ

ਲਾਸ ਏਂਜਲਸ, (ਯੂ. ਪੀ. ਆਈ.)—ਐਕਟਰ ਕਬੀਰ ਬੇਦੀ ਨੇ ਭਾਰਤ ਵਿਚ ਹਾਲ ਹੀ ਵਿਚ ਦੰਗਿਆਂ ਦਾ ਸ਼ਿਕਾਰ ਹੋਏ ਲੋਕਾਂ ਲਈ ਵਿਸ਼ਵ ਪੱਧਰ ਉਤੇ ਅਮਨ ਫੰਡ ਕਾਇਮ ਕਰਨ ਦਾ ਸੱਦਾ ਦਿਤਾ ਹੈ।

ਯੂਰਪ ਵਿਚ ਫਿਲਮੀ ਹੀਰੋ ਬੇਦੀ ਨੇ ਆਸ ਪ੍ਰਗਟ ਕੀਤੀ ਹੈ ਕਿ ਸ੍ਰੀਮਤੀ ਗਾਂਧੀ ਦੇ ਕਤਲ ਪਿਛੋਂ ਵਾਪਰੀ ਹਿੰਸਾ ਕਾਰਨ ਪੀੜਤ ਲੋਕਾਂ ਦੀ ਮਦਦ ਕਰਨ ਵਿਚ ਫੰਡ ਸਹਾਈ ਹੋਵੇਗਾ। ਉਨ੍ਹਾਂ ਕਿਹਾ ਹੈ ਕਿ ਹਿੰਦੂ ਭਾਈਚਾਰੇ ਵਲੋਂ ਇਕੱਠਾ ਪੈਸਾ ਸਿੱਖ ਪੀੜਤਾਂ ਦੀ ਮਦਦ ਲਈ ਅਤੇ ਸਿੱਖ ਭਾਈਚਾਰੇ ਵਲੋਂ ਇਕੱਠਾ ਕੀਤਾ ਪੈਸਾ ਹਿੰਦੂ ਪੀੜਤਾਂ ਲਈ ਖ਼ਰਚਿਆ ਜਾਏਗਾ।

ਲੰਕਾ ’ਚ

ਕੋਲੰਬੋ, (ਏ. ਪੀ.)—ਸ੍ਰੀਲੰਕਾ ਸਰਕਾਰ ਦੇ ਇਕ ਬੁਲਾਰੇ ਨੇ ਅੱਜ ਇਥੇ ਦਸਿਆ ਕਿ ਕਲ੍ਹ ਉਤਰ-ਪੱਛਮੀ ਸਮੁੰਦਰੀ ਕੰਢੇ ਉਤੇ ਹੋਈ ਇਕ ਝੜਪ ਦੌਰਾਨ 24 ਤਾਮਿਲ ਗੁਰੀਲੇ ਮਾਰੇ ਗਏ।

ਬੁਲਾਰੇ ਨੇ ਦਸਿਆ ਕਿ ਇਹ ਅਤਿਵਾਦੀ ਗੁਰੀਲੇ ਬਦਲਾਲਊ ਕਾਰਵਾਈ ਕਰਕੇ ਨਹੀਂ ਮਾਰੇ ਗਏ। ਬੁਲਾਰੇ ਨੇ ਕਿਹਾ ਕਿ ਬਾਗੀਆਂ ਵਲੋ ਇਕ ਜੀਪ ਨੂੰ ਉਡਾਏ ਜਾਣ ਪਿਛੋ ਲੰਕਾ ਦੀ ਫੌਜ ਦੇ ਜਵਾਨਾਂ ਨਾਲ ਹੋਈ ਝੜਪ ਦੌਰਾਨ 24 ਵਿਅਕਤੀ ਮਾਰੇ ਗਏ। ਉਤਰੀ ਲੰਕਾ ਵਿਚ ਜਾਫਨਾ ਤੋ ਛਪਣ ਵਾਲੀ ਇਕ ਤਾਮਿਲ ਭਾਸ਼ੀ ਅਖਬਾਰ ਨੇ 100 ਬੰਦਿਆਂ ਦੇ ਮਾਰੇ ਜਾਣ ਦੀ ਖਬਰ ਦਿੱਤੀ ਸੀ।

Matrimonial

ਵਰ ਦੀ ਲੋੜ

ਜੱਟ ਸਿੱਖ ਪ੍ਰਵਾਰ ਦੀ 21 ਸਾਲ ਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 7 ਇੰਚ ਹੈ ਅਤੇ ਕਾਲਜ ਲੇਵਲ ਦੀ ਪੜ੍ਹਾਈ ਹੈ। ਲੜਕੀ ਇਕ ਬਹੁਤ ਚੰਗੇ ਪ੍ਰਵਾਰ ਨਾਲ ਸਬੰਧ ਰੱਖਦੀ ਹੈ। ਲੜਕੇ ਦਾ ਪੱਕੇ ਕੰਮ ਤੇ ਲੱਗੇ ਹੋਣਾ ਲਾਜ਼ਮੀ ਹੈ ਖਤ ਇਸ ਪਤੇ ਤੇ ਲਿਖੋ :

B.C.J. (1056)
C/O The Canada Darpan
P.O.Box 67344 STN. O
Vancouver, B.C. V5W 3T1

ਕੰਨਿਆ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ ਉਮਰ 22 ਸਾਲ, ਲੰਬਾ ਕੱਦ ਸਾਊ ਸੁਭਾਅ ਖੂਬਸੂਰਤ ਜੋ ਕਿ ਇੰਡੀਆ ਹੈ ਦੇ ਵਾਸਤੇ ਕਨੇਡੀਅਨ ਇਮੀਗਰੇਂਟ ਲੜਕੀ ਦੀ ਜ਼ਰੂਰਤ ਹੈ। ਉਮਰ ਕੁਝ ਵੱਧ ਘੱਟ ਜਾਂ ਡਾਈਵੋਰਸ ਕੇਸ ਭੀ ਹੋਵੇ ਤਾਂ ਭੀ ਗੱਲਬਾਤ ਕੀਤੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਸੱਜਣ ਹੇਠ ਲਿਖੇ ਪਤੇ ਉਮਰ ਆਪਣਾ ਨਾਮ, ਐਡਰੇਸ ਤੇ ਫੋਨ ਨੰ: ਸਮੇਤ ਚਿੱਠੀ ਪੱਤਰ ਪਾਉਣ ਦੀ ਕ੍ਰਿਪਾ ਕਰਨ।

POST OFFICE
BOX 2863
WINNIPEG, MANITOBA R3C 4B4

ਵਰ ਦੀ ਲੋੜ

ਜੱਟ ਸਿੱਖ ਪ੍ਰਵਾਰ ਦੀ 25 ਸਾਲ ਦੀ ਖੂਬਸੂਰਤ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦੇ ਇੰਗਲੈਂਡ ਤੋਂ ਐਮ. ਐਸ. ਸੀ. ਕੀਤੀ ਹੋਈ ਹੈ। ਲੜਕੇ ਦਾ ਕੈਨੇਡੀਅਨ ਸਿਟੀਜਨ, ਅਮਰੀਕਨ ਸਿਟੀਜਨ ਜਾਂ ਪੱਕਾ ਇੰਗੀਰੇਂਟ ਹੋਣਾ ਜ਼ਰੂਰੀ ਹੈ। ਲੜਕੀ ਬਹੁਤ ਨੇਕ ਅਤੇ ਮਿਲਣਸਾਰ ਪ੍ਰਵਾਰ ਨਾਲ ਸਬੰਧਤ ਹੈ। ਖਤ ਇਸ ਪਤੇ ਤੇ ਲਿਖੋ :—

B.S.J. (1057)
C/O The Canada Darpan
P.O.Box 67344 STN. 0
Vancouver, B.C. V5W 3T1

ਵਰ ਦੀ ਲੋੜ

ਇਕ ਪੜ੍ਹੀ ਲਿਖੀ ਅਤੇ ਸੁਸ਼ੀਲ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦੀ ਉਮਰ 20 ਸਾਲ, ਕੱਦ 5 ਫੁੱਟ 5 ਇੰਚ ਹੈ ਅਤੇ ਜੱਸਲ ਪ੍ਰਵਾਰ ਨਾਲ ਸਬੰਧਤ ਹੈ। ਇਸ ਸਮੇਂ ਬੀ. ਸੀ. ਆਈ. ਟੀ. ਵਿਚ ਕੋਰਸ ਕਰ ਰਹੀ ਹੈ। ਪੰਜਾਬ/ਦਿੱਲੀ ਨਾਲ ਸਬੰਧਤ ਵਰ ਨੂੰ ਤਰਜੀਹ ਦਿਤੀ ਜਾਵੇਗੀ। ਆਪਣੀ ਜਾਣਕਾਰੀ ਤੇ ਪਤਾ ਇਸ ਐਡਰੇਸ ਤੇ ਭੇਜੋ :

H.S.S. (1065)
C/o The Canada Darpan
Box 67344 STN. 0
Vancouver, B.C.

ਕਿਰਾਏ ਲਈ ਖਾਲੀ

ਸਾਊਥ ਬਰਨਬੀ ਵਿੱਚ 2 ਕਮਰਿਆਂ ਦੀ ਬੇਸਮਿੰਟ ਕਿਰਾਏ ਲਈ ਖਾਲੀ ਹੈ। ਸਕੂਲ, ਹਸਪਤਾਲ, ਬੱਸ ਸਟੈਂਡ ਬਿਲਕੁੱਲ ਨਾਲ ਲੱਗਦੇ ਹਨ। ਅੱਜ ਹੀ ਫੋਨ ਕਰੋ

521-2790

ਪੰਜਾਬ ਵਿੱਚ ਕਈ ਥਾਈਂ ਹਿੰਸਕ ਵਾਰਦਾਤਾਂ

ਚੰਡੀਗੜ੍ਹ - ਪੰਜਾਬ ਵਿੱਚ ਪਿਛਲੇ 24 ਘੰਟਿਆਂ ਦੌਰਾਨ ਲੁੱਟ-ਖੋਹ ਅਤੇ ਹਿੰਸਾ ਦੀਆਂ ਕਈ ਵਾਰਦਾਤਾਂ ਹੋਈਆਂ ਹਨ। ਪੁਲਿਸ ਨੇ ਵੱਖ ਵੱਖ ਥਾਵਾਂ ਤੇ ਛਾਪੇ ਮਾਰ ਕੇ ਅਸਲਾ ਬਰਾਮਦ ਕੀਤਾ ਅਤੇ ਕੁੱਝ ਵਿਅਕਤੀਆਂ ਨੂੰ ਵੀ ਹਿਰਾਸਤ ਵਿੱਚ ਲਿਆ ਹੈ।

ਸਾਡੇ ਨਿੱਜੀ ਪੱਤਰ ਪਰੇਰਕ ਨੇ ਹੁਸ਼ਿਆਰ ਪੁਰ ਤੋਂ ਰਿਪੋਰਟ ਦਿੱਤੀ ਹੈ ਕਿ ਇੱਥੇ 15 ਕਿਲੋਮੀਟਰ ਦੂਰ ਪਿੰਡ ਨੈਣੋਵਾਲ ਨੇੜੇ ਇੱਕ ਵਕੀਲ ਰਤਨ ਸਿੰਘ ਧਾਮੀ ਤੇ ਦੋ ਅਣਪਛਾਤੇ ਨੌਜਵਾਨਾਂ ਨੇ ਪੰਜ ਹਜ਼ਾਰ ਰੁਪਇਆ ਖੋਹ ਲਿਆ ਅਤੇ ਉਸ ਨੂੰ ਜ਼ਖਮੀ ਕਰਕੇ ਸੁੱਟ ਗਏ। ਉਸ ਨੂੰ ਸਥਾਨਿਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜਿੱਥੇ ਕਿ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ। ਦੋ ਮੋਟਰ ਸਾਈਕਲ ਸਵਾਰਾਂ ਨੇ ਸਕੂਟਰ ਉਤੇ ਜਾ ਰਹੇ ਵਕੀਲ ਉਪਰ ਸਰੀਏ ਨਾਲ ਹਮਲਾ ਕੀਤਾ। ਵਕੀਲ ਦਾ ਸਕੂਟਰ ਵੀ ਖੇਤਾਂ ਵਿੱਚੋਂ ਮਿਲਿਆ ਹੈ। ਇੱਕ ਹੋਰ ਘਟਨਾ ਪਿੰਡ ਧਾਰੀਵਾਲ ਦੇ ਇੱਕ ਵਿਅਕਤੀ ਉਤੇ ਵੀ ਲੋਹੇ ਦੀ ਛੜ ਨਾਲ ਹਮਲਾ ਕੀਤਾ ਗਿਆ। ਉਸ ਕੋਲੋਂ ਹਮਲਾਆਵਰ 1900 ਰੁਪਿਆ ਖੋਹ ਕੇ ਲੈ ਗਏ।

ਇਸੇ ਦੌਰਾਨ ਹੁਸ਼ਿਆਰਪੁਰ ਪੁਲੀਸ ਨੇ ਦੋ ਕਥਿਤ ਵਿਅਕਤੀਆਂ ਸਤਨਾਮ ਸਿੰਘ ਪਿੰਡ ਸੀਕਰੀ ਅਤੇ ਮਨਜੀਤ ਸਿੰਘ ਪਿੰਡ ਆਦਮ ਪੁਰ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦਾ ਤੀਜਾ ਸਾਥੀ ਬਚ ਕੇ ਨਿਕਲਣ ਵਿੱਚ ਕਾਮਯਾਬ ਹੋ ਗਿਆ ਹੈ। ਐਸ. ਐਸ. ਪੀ. ਭੁੱਲਰ ਨੇ ਦੱਸਿਆ ਕਿ ਇੰਨ੍ਹਾਂ ਵਿੱਚੋਂ ਦੋ ਦੀ ਤਿੰਨ ਲੁੱਟ-ਖੋਹ ਦੀਆਂ ਵਾਰਦਾਤਾਂ ਵਿੱਚ ਭਾਲ ਸੀ।

ਫਿਰੋਜ਼ਪੁਰ ਤੋਂ ਪੱਤਰ ਪਰੇਰਕ ਦੀ ਰਿਪੋਰਟ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਨੇੜੇ ਬਸਤੀ ਟੈਂਕ ਵਾਲੀ ਵਿੱਚ ਇੱਕ ਹੱਥ-ਗੋਲਾ ਮਿਲਣ ਨਾਲ ਲੋਕਾਂ ਵਿੱਚ ਸਹਿਮ ਪੈਦਾ ਹੋ ਗਿਆ ਹੈ। ਇਸ ਗੋਲੇ ਨੂੰ ਸਕੂਲ ਦੇ ਦੋ ਬੱਚੇ ਸਕੂਲ ਵਿੱਚ ਖੇਡਣ ਲਈ ਚੁੱਕ ਲਿਆਏ ਪਰੰਤੂ ਅਧਿਆਪਕਾਂ ਨੇ ਇਸ ਗੇਂਦ ਨੂੰ ਵੇਖ ਕੇ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ।

ਪੀ. ਟੀ. ਆਈ. ਦੀ ਕਪੂਰਥਲਾ ਤੋਂ ਆਈ ਰਿਪੋਰਟ ਅਨੁਸਾਰ ਇੱਕ ਰਿਟਾਇਰਡ ਪੁਲਿਸ ਅਧਿਕਾਰੀ ਦੇ ਲੜਕੇ ਸੁਰਿੰਦਰ ਸਿੰਘ ਉਰਫ ਛਿੰਦਾ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਸ ਉਤੇ ਸਮਾਜ ਵਿਰੋਧੀ ਸਰਗਰਮੀਆਂ ਦਾ ਦੋਸ਼ ਹੈ। ਮੋਗਾ ਤੋਂ ਪੰਜਾਬੀ ਟ੍ਰਿਬਿਊਨ ਬਿਊਰੋ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਦੇ ਡਾਇਰੈਕਟਰ ਜਨਰਲ ਸ੍ਰੀ ਕੇ. ਐਸ. ਢਿੱਲੋਂ ਅਤੇ ਇਨਸਪੈਕਟਰ ਸ੍ਰੀ ਕੇ. ਪੀ. ਐਸ. ਗਿੱਲ ਨੇ ਪਿਛਲੀ ਸ਼ਾਮ ਮੋਗਾ ਪੁੱਜ ਕੇ ਸਥਿਤੀ ਦਾ ਜਾਇਜ਼ਾ ਲਿਆ। ਇੱਥੇ ਪੰਜਾਬ ਨੈਸ਼ਨਲ ਬੈਂਕ ਵੈਰੋਕੇ ਦੇ ਮੈਨੇਜਰ ਸ੍ਰੀ ਰਾਮ ਦਾਸ ਕੱਕੜ ਨੂੰ ਕਤਲ ਕਰ ਦਿੱਤਾ ਸੀ।

ਇੱਥੇ ਪਹੁੰਚ ਕੇ ਉੱਚ ਅਧਿਕਾਰੀਆਂ ਨੇ ਕੋਈ ਤਿੰਨ ਘੰਟੇ ਲੰਮੀ ਮੀਟਿੰਗ ਕੀਤੀ। ਇਹ ਪਤਾ ਲੱਗਾ ਕਿ ਬਾਘਾ ਪੁਰਾਣਾ ਅਤੇ ਨਿਹਾਲ ਸਿੰਘ ਵਾਲਾ ਵਿੱਚ ਹਿੰਸਕ ਵਾਰਦਾਤਾਂ ਕਰਨ ਵਾਲਿਆਂ ਨੂੰ ਕੁਚਲਣ ਲਈ ਵਿਸ਼ੇਸ਼ ਫੋਰਸ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਫੋਰਸ ਦੀ ਅਗਵਾਈ ਸੀਨੀਅਰ ਅਧਿਕਾਰੀ ਕਰਨਗੇ। ਫੀਰੋਜ਼ਪੁਰ, ਫਰੀਦਕੋਟ ਅਤੇ ਬਠਿੰਡਾ ਵਿੱਚ ਪੁਲਿਸ ਦੀ ਗਸ਼ਤ ਤੇਜ਼ ਕਰ ਦਿੱਤੀ ਹੈ। ਇੱਥੋਂ ਹੀ ਸ੍ਰੀ ਕੱਕੜ ਦਾ ਸਕੂਟਰ ਬਰਾਮਦ ਹੋ ਗਿਆ ਹੈ। ਪੁਲਿਸ ਨੇ ਬਠਿੰਡਾ ਜ਼ਿਲੇ ਵਿੱਚ ਸਿਰੀਏ ਵਾਲਾ ਤੇ ਸੰਤ ਕੁੰਡਾ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ।

ਯੂ. ਐਨ. ਆਈ. ਨੇ ਸ਼ਾਮ ਨੂੰ ਅੰਮ੍ਰਿਤਸਰ ਤੋਂ ਰਿਪੋਰਟ ਭੇਜੀ ਹੈ ਕਿ ਪੁਲਿਸ ਛਾਪਿਆਂ ਦੌਰਾਨ ਭਾਰੀ ਮਾਤਰਾ ਵਿੱਚ ਅਸਲਾ ਅਤੇ ਹਥਿਆਰ ਫੜੇ ਗਏ ਹਨ। ਇੰਨ੍ਹਾਂ ਵਿੱਚ ਇੱਕ ਸਟੇਨਗੰਨ ਵੀ ਸ਼ਾਮਲ ਹੈ। ਪੁਲੀਸ ਮੁੱਖੀ ਸ੍ਰੀ ਬੂਆ ਸਿੰਘ ਅਨੁਸਾਰ ਇੰਨ੍ਹਾਂ ਕੇਸਾਂ ਵਿੱਚ 121 ਵਿਅਕਤੀਆਂ ਨੂੰ ਫੜਿਆ ਗਿਆ ਹੈ।

ਫੌਜ, ਨੇਵੀ ਅਤੇ ਏਅਰਫੋਰਸ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਵਿੱਚ ਵਾਧਾ

ਨਵੀਂ ਦਿੱਲੀ - ਕੇਂਦਰੀ ਸਰਕਾਰ ਨੇ 10 ਰੁਪਏ ਤੋਂ 75 ਰੁਪਏ ਪ੍ਰਤੀ ਮਹੀਨਾ ਪੈਨਸ਼ਨਾਂ ਵਿੱਚ ਵਾਧਾ ਕਰ ਦਿੱਤਾ ਹੈ। ਇਹ ਵਾਧਾ ਫੌਜ, ਨੇਵੀ ਅਤੇ ਏਅਰਫੋਰਸ ਦੇ ਜਵਾਨਾਂ ਅਤੇ ਅਫਸਰਾਂ ਤੱਕ ਲਾਗੂ ਹੋਇਆ ਹੈ। 10 ਰੁਪਏ ਤੋਂ 75 ਰੁਪਏ ਮਹੀਨਾ ਵਾਧਾ 10 ਸਤੰਬਰ, 1970 ਤੋਂ ਪਹਿਲਾਂ ਰੀਟਾਇਰ ਹੋਏ ਪੈਨਸ਼ਨਰਾਂ ਤੇ ਲਾਗੂ ਹੋਇਆ।

ਜਿਹੜੇ ਪੈਨਸ਼ਨਰ 10 ਸਤੰਬਰ 1970 ਤੋਂ ਪਿੱਛੋਂ ਪਰ 1 ਜਨਵਰੀ, 1973 ਤੋਂ ਪਹਿਲਾਂ ਰੀਟਾਇਰ ਹੋਏ ਉਨ੍ਹਾਂ ਨੂੰ ਰੈਂਕ ਮੁਤਾਬਿਕ 10 ਰੁਪਏ ਤੋਂ 25 ਰੁਪਏ ਪ੍ਰਤੀ ਮਹੀਨਾ ਵਾਧਾ ਦਿੱਤਾ ਗਿਆ ਹੈ।

ਇਹ ਰੇਟ ਨੇਵੀ ਅਤੇ ਏਅਰਫੋਰਸ ਦੇ ਬਰਾਬਰ ਦੇ ਆਹੁਦਿਆਂ ਵਾਲਿਆਂ ਨੂੰ ਵੀ ਦਿੱਤੇ ਗਏ ਹਨ। ਰੀਜ਼ਰਵਿਸਟਾਂ ਨੂੰ 10 ਰੁਪਏ; ਜਵਾਨ ਅਤੇ ਨਾਇਕ - 25 ਰੁਪਏ; ਹਵਾਲਦਾਰ, ਨਾਇਬ ਸੂਬੇਦਾਰ ਅਤੇ ਸੂਬੇਦਾਰ - 30 ਰੁਪਏ; ਸੂਬੇਦਾਰ ਮੇਜਰ, ਆਨਰੇਰੀ ਕਮਿਸ਼ਨੰਡ ਅਫਸਰ, ਐਮਰਜੈਂਸੀ ਜਾਂ ਸ਼ਾਰਟ ਸਰਵਿਸ ਕਮਿਸ਼ਨ - 35 ਰੁਪਏ; ਲੈਫਟੀਨੈਂਟ ਤੋਂ ਲੈਫਟੀਨੈਂਟ ਕਰਨਲ - 40 ਰੁਪਏ; ਕਰਨਲ ਤੇ ਬਰਗੇਡੀਅਰ - 75 ਰੁਪਏ ਅਤੇ ਮੀ. ਈ. ਐਸ. ਅਫਸਰ - ਬਰਗੇਡੀਅਰ ਤੱਕ - 40 ਰੁਪਏ।

ਹਿਮਾਚਲ ਦੇ ਜਨਤਾ ਨੇਤਾਵਾਂ ਵਲੋਂ ਅਸਤੀਫੇ

ਸ਼ਿਮਲਾ, (ਵਿਸ਼ੇਸ਼ ਪ੍ਰਤੀਨਿਧ)—ਜਨਤਾ ਪਾਰਟੀ ਦੀ ਹਿਮਾਚਲ ਇਕਾਈ ਦੇ ਉਪ ਪ੍ਰਧਾਨ ਅਤੇ ਸਾਬਕਾ ਵਿਧਾਇਕ ਸ੍ਰੀ ਕੇਵਲ ਸਿੰਘ ਪਠਾਨੀਆ ਨੇ ਪਾਰਟੀ ਵਿਚੋਂ ਅਸਤੀਫਾ ਦੇ ਦਿੱਤਾ ਹੈ।

ਹਿਮਾਚਲ ਕਾਂਗਰਸ (ਇੰ.) ਦੇ ਸਕੱਤਰ ਸ੍ਰੀ ਏ. ਐਨ. ਬਾਜ਼ਵਰੀਆ ਨੇ ਦਸਿਆ ਕਿ ਨੂਰਪੁਰ ਦੇ ਜਨਤਾ ਨੇਤਾਵਾਂ ਸ੍ਰੀ ਨਿੱਕਾ ਰਾਮ, ਸ੍ਰੀ ਪ੍ਰਭਾਤ ਚੰਦਰ ਅਤੇ ਸ੍ਰੀ ਕੁੰਦਨ ਲਾਲ ਨੇ ਵੀ ਜਨਤਾ ਪਾਰਟੀ ਛੱਡ ਦਿੱਤੀ ਹੈ ਅਤੇ ਉਨ੍ਹਾਂ ਨੇ ਚੋਣਾਂ ਵਿਚ ਕਾਂਗਰਸੀ ਉਮੀਦਵਾਰਾਂ ਦੀ ਹਮਾਇਤ ਦਾ ਐਲਾਨ ਕੀਤਾ ਹੈ।

ਮਸਲੇ ਹੱਲ ਕਰਨ ਵਾਲੀ ਪਾਰਟੀ ਦੇਸ਼ ਦੀ ਆਗੂ ਬਣੇਗੀ-ਸ਼ੇਖਰ

ਚੰਡੀਗੜ੍ਹ, (ਪੱਤਰ ਪ੍ਰੇਰਕ)— ਜਨਤਾ ਪਾਰਟੀ ਦੇ ਪ੍ਰਧਾਨ, ਸ੍ਰੀ ਚੰਦਰ ਸ਼ੇਖਰ ਨੇ ਅਜ ਇਥੇ ਕਿਹਾ ਕਿ ਦੇਸ਼ ਦੀ ਅਗਵਾਈ ਕੇਵਲ ਉਹੋ ਪਾਰਟੀ ਕਰ ਸਕੇਗੀ ਜਿਹੜੀ ਪਾਰਟੀ ਹਿੰਮਤ ਤੇ ਦਲੇਰੀ ਨਾਲ ਦੇਸ਼ ਦੇ ਮਸਲਿਆਂ ਪ੍ਰਤੀ ਸਹੀ ਵਿਚਾਰ ਪ੍ਰਗਟ ਕਰੇਗੀ।


ਸ੍ਰੀ ਚੰਦਰ ਸ਼ੇਖਰ ਅਜ ਇਥੇ ਪ੍ਰੈਸ ਕਲੱਬ ਵਿਚ "ਮੀਟ ਦੀ ਪ੍ਰੈਸ" ਦੇ ਪ੍ਰੋਗਰਾਮ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸੀ।

ਉਨ੍ਹਾਂ ਨੇ ਸਪਸ਼ਟ ਕਰਦਿਆਂ ਕਿਹਾ ਕਿ ਜਦੋਂ ਜੂਨ ਵਿਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਫੌਜੀ ਕਾਰਵਾਈ ਕੀਤੀ ਗਈ ਸੀ ਤਾਂ ਉਨ੍ਹਾਂ ਨੇ ਇਸ ਕਾਰਵਾਈ ਦੀ ਨਿਖੇਧੀ ਕੀਤੀ ਸੀ ਕਿਉਂਕਿ ਪੰਜਾਬ ਦਾ ਮਸਲਾ ਇਸ ਫੌਜੀ ਕਾਰਵਾਈ ਤੋਂ ਬਿਨਾਂ ਹੀ ਹੱਲ ਕੀਤਾ ਜਾ ਸਕਦਾ ਸੀ। ਪ੍ਰੰਤੂ ਸੱਤਾਧਾਰੀ ਪਾਰਟੀ ਦੀ ਲੀਡਰਸ਼ਿਪ ਇਸ ਕਾਰਵਾਈ ਤੋਂ ਸਿਆਸੀ ਲਾਭ ਉਠਾਉਣ ਲਈ ਬਜ਼ਿੱਦ ਸੀ।

ਉਨ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਸਮੁੱਚੇ ਦੇਸ਼ ਲਈ ਬਦਕਿਸਮਤੀ ਵਾਲੀ ਗਲ ਸੀ ਪ੍ਰੰਤੂ ਹੱਤਿਆ ਮਗਰੋਂ ਦਿੱਲੀ ਤੇ ਹੋਰ ਰਾਜਾਂ ਵਿਚ ਜਿਸ ਤਰ੍ਹਾਂ ਇਕ ਘੱਟ ਗਿਣਤੀ ਦੇ ਲੋਕਾਂ ਦੀ ਹੱਤਿਆ ਕੀਤੀ ਗਈ, ਉਹ ਦੇਸ਼ ਲਈ ਬਹੁਤ ਹੀ ਖਤਰਨਾਕ ਸੀ।

ਜਨਤਾ ਪਾਰਟੀ ਦੇ ਪ੍ਰਧਾਨ ਨੇ ਸ੍ਰੀ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾ ਦੇਣ ਤੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਦੇਸ਼ ਤੇ ਇਕ ਪਰਿਵਾਰ ਦੀ ਹਕੂਮਤ ਪੁਸ਼ਤ-ਦਰ-ਪੁਸ਼ਤ ਬਰਕਰਾਰ ਰਖੀ ਜਾਏਗੀ।

ਸ੍ਰੀ ਚੰਦਰ ਸ਼ੇਖਰ ਨੇ ਇਹ ਦਾਅਵਾ ਕੀਤਾ ਕਿ ਪੰਜਾਬ ਦਾ ਮਸਲਾ ਹੁਣ ਵੀ ਗੱਲਬਾਤ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਅਕਾਲੀ ਲੀਡਰਸ਼ਿਪ ਇਸ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕਰਨ ਲਈ ਹੁਣ ਵੀ ਉਤਸੁਕ ਹੈ। ਪ੍ਰੰਤੂ ਸਰਕਾਰ ਨੂੰ ਖੁਲ੍ਹਦਿਲੀ ਤੇ ਸਦਭਾਵਨਾ ਤੇ ਘੱਟ ਗਿਣਤੀਆਂ ਦੀ ਰਖਿਆ ਤੇ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪਹਿਲਾਂ ਉਸਾਰੂ ਨਜ਼ਰੀਆ ਅਪਨਾਉਣਾ ਚਾਹੀਦਾ ਹੈ।



ਪ੍ਰਧਾਨ ਸ੍ਰੀ ਚੰਦਰ ਸ਼ੇਖਰ



ਕਾਰਜਕਾਰੀ ਪ੍ਰਧਾਨ ਸ੍ਰੀ ਕਮਲਾਪਤੀ ਤ੍ਰਿਪਾਠੀ

ਪ੍ਰੈਸ ਰੀਲੀਜ਼

ਸਟੇਟ ਵੱਲੋਂ ਦੇਸ਼ ਭਗਤ ਟੈਂਪਲ ਨੂੰ ਬੰਬ ਨਾਲ ਉਡਾਉਣ ਦੀ ਕਮੀਨੀ ਸਾਜ਼ਿਸ਼ ਦੀ ਨਿਖੇਧੀ ਕਰਨ ਲਈ 16 ਦਸੰਬਰ ਦਿਨ ਐਤਵਾਰ ਨੂੰ ਦੋ ਵਜੇ ਪੰਜਾਬੀ ਮਾਰਕਿਟ ਵਿੱਚ ਹੋ ਰਹੇ ਮੁਜ਼ਾਹਰੇ ਵਿੱਚ ਸ਼ਾਮਲ ਹੋਵੋ!

7 ਦਸੰਬਰ ਦਿਨ ਸ਼ੁਕਰਵਾਰ ਨੂੰ ਦੇਸ਼ ਭਗਤ ਟੈਂਪਲ ਤੇ ਬੰਬ ਨਾਲ ਹਮਲਾ ਕੀਤਾ ਗਿਆ ਇਹ ਟਾਈਮ ਬੰਬ ਰਸੋਈ ਵਾਲੇ ਪਾਸੇ ਬੀ. ਸੀ. ਹਾਈਡਰੋ ਦੇ ਗੈਸ ਮੀਟਰ ਨਾਲ ਨੱਥੀ ਸੀ ਜੋ ਰਾਤ ਸਵਾ ਦਸ ਵਜੇ ਫਟਿਆ। ਬੰਬ ਫਟਣ ਸਮੇਂ ਦੇਸ਼ ਭਗਤ ਟੈਂਪਲ ਵਿੱਚ 30 ਦੇ ਲਗਭਗ ਵਿਅਕਤੀ ਮੌਜੂਦ ਸਨ ਜਿੱਥੇ ਆਖੰਡ ਪਾਠ ਦੀ ਰਸਮ ਚੱਲ ਰਹੀ ਸੀ। ਬੰਬ ਇਸ ਮਕਸਦ ਨਾਲ ਰੱਖਿਆ ਗਿਆ ਸੀ ਕਿ ਗੈਸ ਨੂੰ ਅੱਗ ਲੱਗਦੇ ਸਾਰ ਹੀ ਸਾਰੀ ਬਿਲਡਿੰਗ ਉੱਡ ਜਾਵੇ ਅਤੇ ਦਰਜਨਾਂ ਹੀ ਲੋਕ ਇਸ ਕਮੀਨੇ ਫਾਸ਼ੀ ਹਮਲੇ ਦਾ ਸ਼ਿਕਾਰ ਹੋ ਜਾਣ। ਇਸ ਭਿਆਨਕ ਹਾਦਸੇ ਨੇ ਸਾਡੀ ਕਮਿਊਨਿਟੀ ਵਿੱਚ ਰੋਹ ਪੈਦਾ ਕੀਤਾ ਹੈ ਅਤੇ ਲੋਕ ਇਹ ਜਾਨਣਾ ਚਾਹੁੰਦੇ ਹਨ ਕਿ ਦੇਸ਼ ਭਗਤ ਟੈਂਪਲ ਉੱਤੇ ਹੋਏ ਇਸ ਬੰਬ ਹਮਲੇ ਪਿੱਛੇ ਕੌਣ ਹੈ? ਅਜਿਹੇ ਕਮੀਨੇ ਫਾਸ਼ੀ ਹਮਲੇ ਕੌਣ ਜਥੇਬੰਦ ਕਰਦਾ ਹੈ?

ਦੇਸ਼ ਭਗਤ ਟੈਂਪਲ ਸਾਡੀ ਕਮਿਊਨਿਟੀ ਦੇ ਮਜ਼ਦੂਰਾਂ ਨੇ ਆਪਣੀ ਖੂਨ ਪਸੀਨੇ ਦੀ ਕਮਾਈ ਨਾਲ ਉਸਾਰਿਆ ਹੈ। ਇਸ ਨੂੰ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਕੇਂਦਰ ਦੇ ਤੌਰ ਤੇ ਵਰਤਿਆ ਹੈ। ਸਾਡੀ ਕਮਿਊਨਿਟੀ ਇਸ ਹਾਲ ਨੂੰ ਆਪਣੇ ਰਾਜਨੀਤਿਕ, ਸਭਿਆਚਾਰਕ, ਸਮਾਜਿਕ ਅਤੇ ਧਾਰਮਿਕ ਪ੍ਰੋਗਰਾਮ ਲਈ ਹਮੇਸ਼ਾ ਹੀ ਵਰਤਦੀ ਹੈ। ਚਾਹੇ ਇਹ ਹਿੰਦੁਸਤਾਨੀ ਹਕੂਮਤ ਦੀ ਫਿਰਕੂ ਹਿੰਸਾ ਅਤੇ ਫਾਸ਼ੀ ਤਸ਼ੱਦਦ ਦੀ ਨੀਤੀ ਦੀ ਖਾੜਕੂ ਵਿਰੋਧਤਾ ਹੋਵੇ ਜਾਂ ਕਨੇਡੀਅਨ ਹਕੂਮਤ ਵੱਲੋਂ ਜਥੇਬੰਦ ਕੀਤੇ ਨਸਲੀ ਅਤੇ ਫਾਸ਼ੀ ਹਮਲਿਆਂ ਦੀ ਵਿਰੋਧਤਾ ਦੇਸ਼ ਭਗਤ ਟੈਂਪਲ 'ਚੋਂ ਹਮੇਸ਼ਾ ਹੀ ਲੋਕਾਂ ਦੇ ਹਿੱਤਾਂ ਦੀ ਰਖਵਾਲੀ ਦੀ ਅਵਾਜ਼ ਗੂੰਜਦੀ ਹੈ। ਇਸ ਕਰਕੇ ਹੀ ਇਹ ਜਗ੍ਹਾ ਹਰ ਕਿਸਮ ਦੇ ਲੋਕ-ਦੁਸ਼ਮਣਾਂ, ਫਾਸ਼ੀਆਂ ਅਤੇ ਨਸਲਵਾਦੀਆਂ, ਮੌਕਾਪ੍ਰਸਤਾਂ ਅਤੇ ਗੱਦਾਰਾਂ ਦੇ ਦਾਇਰਿਆਂ ਵਿੱਚ ਦਹਿਸ਼ਤ ਪਾਉਂਦੀ ਹੈ। ਇਹੀ ਕਾਰਨ ਹੈ ਕਿ ਦੇਸ਼ ਭਗਤ ਟੈਂਪਲ ਤੇ 7 ਦਸੰਬਰ ਨੂੰ ਬੰਬ ਨਾਲ ਹਮਲਾ ਕੀਤਾ ਗਿਆ।

ਇਹ ਹਮਲਾ ਕਨੇਡੀਅਨ ਸਟੇਟ ਨੇ ਆਪਣੀ ਖੁਫੀਆ ਪੁਲਸ ਜਥੇਬੰਦੀ (ਸੀ. ਐਸ. ਆਈ. ਐਸ.) ਕੋਲੋਂ ਜਥੇਬੰਦ ਕਰਵਾਇਆ ਹੈ। ਆਰਥਿਕ ਮੰਦਵਾੜੇ ਕਾਰਨ ਪੈਦਾ ਹੋ ਰਹੇ ਸੰਕਟ ਦੌਰਾਨ ਹਕੂਮਤ ਦੀ ਇਹ ਨੀਤੀ ਹੈ ਕਿ ਆਰਥਿਕ ਸੰਕਟ ਦਾ ਬੋਝ ਮਜ਼ਦੂਰਾਂ ਦੇ ਮੋਢਿਆਂ ਉਪਰ ਸੁੱਟਿਆ ਜਾਵੇ। ਮਜ਼ਦੂਰ ਹਕੂਮਤ ਦੀ ਇਸ ਗੁੰਡਾ ਨੀਤੀ ਵਿਰੁੱਧ ਲਗਾਤਾਰ ਜੱਦੋ ਜਹਿਦ ਕਰ ਰਹੇ ਹਨ, ਇਸ ਕਰਕੇ ਹੀ ਕਨੇਡੀਅਨ ਸਟੇਟ ਲਗਾਤਾਰ ਫਾਸ਼ੀਵਾਦ ਵੱਲ ਵਧ ਰਹੀ ਹੈ। ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਲੋਕਾਂ ਦੀ ਅਗਾਂਹਵਧੂ ਅਤੇ ਜਮਹੂਰੀ ਆਵਾਜ਼ ਨੂੰ ਬੰਦ ਕਰਨ ਲਈ ਫਾਸ਼ੀ ਗੁੰਡਾਗਰਦੀ ਜਥੇਬੰਦ ਕੀਤੀ ਜਾ ਰਹੀ ਹੈ ਤਾਂ ਕਿ ਲੋਕਾਂ ਦੇ ਹੱਕੀ ਘੋਲਾਂ ਨੂੰ ਤਾਕਤ ਨਾਲ ਕੁਚਲਿਆ ਜਾ ਸਕੇ। ਸਾਡੀ ਕਮਿਊਨਿਟੀ ਦੇ ਮਜ਼ਦੂਰ ਆਰਥਿਕ ਸੰਕਟ ਦਾ ਹੀ ਨਹੀਂ ਸਗੋਂ ਨਸਲੀ ਅਤੇ ਫਾਸ਼ੀ ਗੁੰਡਾਗਰਦੀ ਦਾ ਵੀ ਸ਼ਿਕਾਰ ਹੋ ਰਹੇ ਹਨ। ਵਧ ਰਹੇ ਨਸਲੀ ਹਮਲੇ, ਨਸਲਵਾਦੀਆਂ ਅਤੇ ਫਾਸ਼ੀਆਂ ਨੂੰ ਪੁਲਿਸ ਅਤੇ ਹਕੂਮਤ ਵੱਲੋਂ ਲਗਾਤਾਰ ਮਿਲ ਰਹੀ ਸ਼ਹਿ ਦਾ ਹੀ ਸਿੱਟਾ ਹਨ। ਨਾਲ ਹੀ ਕਨੇਡੀਅਨ ਸਟੇਟ ਹਿੰਦੁਸਤਾਨੀ ਹਕੂਮਤ ਵੱਲੋਂ ਸਾਡੇ ਲੋਕਾਂ ਦੇ ਲਗਾਤਾਰ ਕੀਤੇ ਜਾ ਰਹੇ ਕਤਲੇਆਮ ਦੀ ਵੀ ਹਮਾਇਤ ਕਰਦੀ ਹੈ ਅਤੇ ਕਨੇਡਾ ਵਿੱਚ ਜ਼ਹਿਰੀਲਾ ਫਿਰਕੂ ਪ੍ਰਚਾਰ ਕਰ ਰਹੀ ਹੈ। ਤਾਂ ਕਿ ਸਾਡੇ ਲੋਕਾਂ ਵਿੱਚ ਫੁੱਟ ਪਾਈ ਜਾਵੇ ਅਤੇ ਫਿਰ ਸਾਡੇ ਤੇ ਸਿੱਧੇ ਨਸਲੀ ਅਤੇ ਫਾਸ਼ੀ ਹਮਲੇ ਕੀਤੇ ਜਾਣ। ਜਿਹੜੀਆਂ ਅਗਾਂਹਵਧੂ ਅਤੇ ਜਮਹੂਰੀ ਜਥੇਬੰਦੀਆਂ, ਜਿਵੇਂ ਕਿ ਈਸਟ ਇੰਡੀਅਨ ਡੀਫੈਂਸ ਕਮੇਟੀ, ਕਨੇਡੀਅਨ ਹਕੂਮਤ ਦੀ ਇਸ ਨਸਲੀ ਅਤੇ ਫਾਸ਼ੀ ਨੀਤੀ ਦੀ ਵਿਰੋਧਤਾ ਕਰਦੀਆਂ ਹਨ, ਉਨ੍ਹਾਂ ਦੀ ਆਵਾਜ਼ ਬੰਦ ਕਰਨ ਲਈ ਹਰ ਕਿਸਮ ਦੇ ਕਮੀਨੇ ਫਾਸ਼ੀ ਹਮਲੇ ਜਥੇਬੰਦ ਕੀਤੇ ਜਾਂਦੇ ਹਨ ਤਾਂ ਕਿ ਲੋਕਾਂ ਤੱਕ ਸੱਚ ਅਤੇ ਹੱਕ ਦੀ ਆਵਾ ਨਾ ਪਹੁੰਚ ਸਕੇ।

ਦੇਸ਼ ਭਗਤ ਟੈਂਪਲ ਤੇ ਕਨੇਡੀਅਨ ਹਕੂਮਤ ਵੱਲੋਂ ਜਥੇਬੰਦ ਕਰਵਾਇਆ ਇਹ ਹਮਲਾ ਸੋਚ ਦੀ ਆਵਾਜ਼ ਨੂੰ ਦਬਾਉਣ ਲਈ ਜਥੇਬੰਦ ਕੀਤਾ ਗਿਆ ਹੈ। ਕਨੇਡੀਅਨ ਹਕੂਮਤ ਸਾਡੀ ਕਮਿਊਨਿਟੀ ਨੂੰ ਡਰਾਉਣਾ ਧਮਕਾਉਣਾ ਚਾਹੁੰਦੀ ਹੈ ਤਾਂ ਕਿ ਅਸੀਂ ਅਨਿਆਂ ਅਤੇ ਜਬਰ ਵਿਰੁੱਧ ਆਵਾਜ਼ ਨਾ ਉਠਾ ਸਕੀਏ, ਤਾਂ ਕਿ ਅਸੀਂ ਇਸ ਵੱਲੋਂ ਜਥੇਬੰਦ ਕੀਤੀ ਨਸਲੀ ਅਤੇ ਫਾਸ਼ੀ ਗੁੰਡਾਗਰਦੀ ਦੀ ਵਿਰੋਧਤਾ ਨਾ ਕਰ ਸਕੀਏ। ਅਜਿਹੇ ਹਮਲੇ ਕਨੇਡੀਅਨ ਹਕੂਮਤ ਨੇ ਸਾਡੇ ਗਦਰੀ ਦੇਸ਼ ਭਗਤਾਂ ਤੇ ਵੀ ਕੀਤੇ ਸਨ, ਅਤੇ ਸਾਡੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਲੜਦੇ ਮਹਾਨ ਸ਼ਹੀਦ ਮੇਵਾ ਸਿੰਘ ਨੂੰ ਫਾਂਸੀ ਲਾਇਆ ਗਿਆ ਸੀ। ਗਦਰੀ ਦੇਸ਼ ਭਗਤਾਂ ਦੇ ਕੇਂਦਰ ਦੇ ਐਵੇਨਿਊ ਵਾਲੇ ਗੁਰਦੁਆਰੇ ਤੇ ਨਸਲੀ ਅਤੇ ਫਾਸ਼ੀ ਹਮਲੇ ਕਰਵਾਏ ਸਨ। ਅੱਜ ਵੀ ਕਨੇਡੀਅਨ ਹਕੂਮਤ ਉਸ ਵੇਲੇ ਦੀ ਹਕੂਮਤ ਦੀਆਂ ਨੀਤੀਆਂ ਤੇ ਚੱਲ ਰਹੀ ਹੈ, ਫਰਕ ਸਿਰਫ ਐਨਾ ਹੈ ਕਿ ਅੱਜ ਕਨੇਡਾ ਵਿੱਚ ਫਾਸ਼ੀ ਗੁੰਡਾਗਰਦੀ ਹੋਰ ਵਧ ਚੁੱਕੀ ਹੈ ਨਾ ਹੀ ਸਾਡੇ ਮਹਾਨ ਗਦਰੀ ਦੇਸ਼ ਭਗਤ ਉਸ ਵੇਲੇ ਹਕੂਮਤ ਦੇ ਹਮਲਿਆਂ ਅਤੇ ਧਮਕੀਆਂ ਤੋਂ ਡਰੇ ਸਨ ਅਤੇ ਨਾਂ ਹੀ ਅੱਜ ਉਨ੍ਹਾਂ ਦੇ ਵਾਰਸ ਹਕੂਮਤ ਦੇ ਹਮਲਿਆਂ ਅਤੇ ਧਮਕੀਆਂ ਤੋਂ ਡਰਦੇ ਹਨ। ਅਸੀਂ ਆਪਣੇ ਮਹਾਨ ਸ਼ਹੀਦਾਂ ਦੇ ਪੈਰ ਕਦਮਾਂ ਤੇ ਚੱਲ ਕੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਲੜਦੇ ਰਹਾਂਗੇ। ਹਕੂਮਤ ਵੱਲੋਂ ਜਥੇਬੰਦ ਕੀਤੇ ਨਸਲੀ ਅਤੇ ਫਾਸ਼ੀ ਹਮਲਿਆਂ ਦਾ ਮੂੰਹ ਤੋੜਵਾਂ ਜੁਆਬ ਦਿੱਤਾ ਜਾਵੇਗਾ।

ਦੇਸ਼ ਭਗਤੋ ਅਤੇ ਅਗਾਂਹਵਧੂ ਲੋਕੋ! ਆਓ ਇਕ ਮੁੱਠ ਹੋ ਕੇ ਹਕੂਮਤ ਵੱਲੋਂ ਜਥੇਬੰਦ ਕੀਤੇ ਇਸ ਫਾਸ਼ੀ ਹਮਲੇ, ਜਿਸ ਨਾਲ ਸਾਡੀ ਕਮਿਊਨਿਟੀ ਦੀ ਸਾਂਝੀ ਜਗ੍ਹਾ ਦੇਸ਼ ਭਗਤ ਟੈਂਪਲ ਨੂੰ ਬੰਬ ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ ਗਈ, ਦੀ ਡੱਟਵੀਂ ਵਿਰੋਧਤਾ ਕਰੀਏ ਅਤੇ ਖਾੜਕੂ ਤਰੀਕੇ ਨਾਲ ਇਸ ਕਮੀਨੇ ਹਮਲੇ ਦੀ ਨਿਖੇਧੀ ਕਰੀਏ। ਜੇਕਰ ਅੱਜ ਹਕੂਮਤ ਆਪਣੇ ਪਾਲੇ ਪਲੋਸੇ ਫਾਸ਼ੀ ਗੁੰਡਿਆਂ ਅਤੇ ਖੁਫੀਆ ਪੁਲਿਸ ਰਾਹੀਂ ਸਾਡੀ ਕਮਿਊਨਿਟੀ ਦੇ ਕੇਂਦਰ ਤੇ ਹਮਲਾ ਕਰਵਾ ਸਕਦੀ ਹੈ ਤਾਂ ਉਹ ਦਿਨ ਬਹੁਤੇ ਦੂਰ ਨਹੀਂ ਜਦ ਇਹ ਸਾਡੇ ਘਰ ਅਤੇ ਸਾਡੀਆਂ ਜਾਨਾਂ ਤੇ ਵੀ ਹਮਲੇ ਕਰਵਾਏਗੀ। ਇਸ ਗੁੰਡਾ ਗਰਦੀ ਦਾ ਮੂੰਹ ਤੋੜਵਾਂ ਜੁਆਬ ਦੇਣ ਲਈ ਸਾਨੂੰ ਸਭ ਨੂੰ ਇਕ ਮੁੱਠ ਹੋ ਕੇ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਕਿ ਨਸਲੀ ਅਤੇ ਫਾਸ਼ੀ ਗੁੰਡਿਆਂ ਅਤੇ ਉਨ੍ਹਾਂ ਦੇ ਮਾਲਕਾਂ ਨੂੰ ਵੀ ਪਤਾ ਲੱਗ ਸਕੇ ਕਿ ਸਾਡੇ ਬਹਾਦਰ ਲੋਕ ਕਦੇ ਵੀ ਕਿਸੇ ਕਿਸਮ ਦੇ ਨਸਲੀ ਅਤੇ ਫਾਸ਼ੀ ਹਮਲੇ ਨੂੰ ਸਹਿਣ ਨਹੀਂ ਕਰਦੇ ਅਤੇ ਇਸ ਦਾ ਮੂੰਹ ਤੋੜਵਾਂ ਜੁਆਬ ਦਿੰਦੇ ਹਨ। ਆਓ! ਇਸ ਮਕਸਦ ਲਈ 16 ਦਸੰਬਰ ਦਿਨ ਐਤਵਾਰ ਨੂੰ 2 ਵਜੇ ਪੰਜਾਬੀ ਮਾਰਕਿਟ ਵਿੱਚ 49 ਐਵੇਨਿਊ ਅਤੇ ਮੇਨ ਸਟਰੀਟ ਤੇ ਇਕੱਠੇ ਹੋ ਕੇ ਇਕ ਖਾੜਕੂ ਮੁਜ਼ਾਹਰਾ ਕਰੀਏ ਤਾਂ ਕਿ ਦੇਸ਼ ਭਗਤ ਟੈਂਪਲ ਤੇ ਹੋਏ ਇਸ ਕਮੀਨੇ ਫਾਸ਼ੀ ਹਮਲੇ ਦੀ ਨਿਖੇਧੀ ਕੀਤੀ ਜਾਵੇ ਅਤੇ ਨਸਲੀ ਫਾਸ਼ੀ ਗੁੰਡਾਗਰਦੀ ਵਿਰੁੱਧ ਖਾੜਕੂ ਏਕਤਾ ਕਾਇਮ ਕੀਤੀ ਜਾ ਸਕੇ। ਅੱਜ ਕਮਿਊਨਿਟੀ ਦੇ ਹਰ ਮੈਂਬਰ ਦਾ ਫਰਜ਼ ਬਣਦਾ ਹੈ ਕਿ ਉਹ ਇਸ ਮੁਜ਼ਾਹਰੇ ਵਿੱਚ ਸ਼ਾਮਿਲ ਹੋ ਕੇ ਦੇਸ਼ ਭਗਤ ਟੈਂਪਲ ਤੇ ਹੋਏ ਇਸ ਹਮਲੇ ਦੀ ਵਿਰੋਧਤਾ ਕਰੇ।

ਕੰਵਲਜੀਤ ਕੌਰ ਗਿੱਲ ਦੀ ਲਾਸ਼ ਮਿਲੀ

ਵੈਨਕੂਵਰ - 26 ਸਾਲਾਂ ਦੀ ਨੌਜਵਾਨ ਲੜਕੀ ਕੰਵਲਜੀਤ ਕੌਰ ਗਿੱਲ ਦੀ ਲਾਸ਼ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਕੋਲੋਂ ਮਿਲਣ ਦੀ ਦੁੱਖਦਾਈ ਖਬਰ ਮਿਲੀ ਹੈ। ਉਸ ਦੇ ਸਰੀਰ ਤੇ ਕੋਈ ਗੋਲੀ ਜਾਂ ਛੁਰੇ ਆਦਿ ਦਾ ਨਿਸ਼ਾਨ ਨਹੀਂ ਹੈ। ਕਿਹਾ ਜਾਂਦਾ ਹੈ ਕਿ ਉਸ ਦੀ ਮੌਤ ਛੇ ਹਫਤੇ ਪਹਿਲਾਂ ਦੀ ਹੋਈ ਹੈ ਤੇ ਉਸ ਦੇ ਮਰਨ ਦੇ ਕਾਰਨਾਂ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਇੱਕ ਖਾਲਿਸਤਾਨੀ ਧੜੇ ਦਾ ਇੱਕ ਕਾਂਗਰਸੀ ਧੜੇ ਨਾਲ ਗੁਪਤ ਸਮਝੌਤਾ

ਵੈਨਕੂਵਰ - ਭਰੋਸੇ ਯੋਗ ਸੂਤਰਾਂ ਅਨੁਸਾਰ ਇੱਕ ਖਾਲਿਸਤਾਨੀ ਧੜੇ ਦਾ ਕਾਂਗਰਸੀਆਂ ਦੇ ਇੱਕ ਧੜੇ ਨਾਲ ਗੁਪਤ ਸਮਝੌਤਾ ਹੋ ਗਿਆ ਹੈ। ਜਿਸ ਅਨੁਸਾਰ ਇਹ ਦੋਵੇਂ ਧੜੇ ਇੱਕ ਦੂਜੇ ਵਿਰੁੱਧ ਕੋਈ ਬਿਆਨਬਾਜ਼ੀ ਨਹੀਂ ਕਰਨਗੇ। ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਇਸ ਖਾਲਿਸਤਾਨੀ ਧੜੇ ਨੂੰ ਕੁੱਝ ਗੁਰਦੁਆਰਾ ਕਮੇਟੀਆਂ ਨੇ ਮੂੰਹ ਲਾਉਣੋ ਨਾਂਹ ਕਰ ਦਿੱਤੀ ਹੈ ਇਸ ਲਈ ਇਹ ਮਾਯੂਸ ਹੋ ਕੇ ਕਾਂਗਰਸੀਆਂ ਦੇ ਇੱਕ ਧੜੇ ਨਾਲ ਸਮਝੌਤਾ ਕਰ ਲਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਕਾਫੀ ਦੇਰ ਤੋਂ ਇੱਕ ਦੋ ਵਿਚੋਲੇ ਇਸ ਲਈ ਕੋਸ਼ਿਸ਼ ਕਰ ਰਹੇ ਸਨ ਜੋ ਖਾਲਿਸਤਾਨੀ ਮੀਟਿੰਗਾਂ ਵਿੱਚ ਵੀ ਹਿਸਾ ਲੈਂਦੇ ਸਨ ਅਤੇ ਕਾਂਗਰਸੀ ਮੀਟਿੰਗਾਂ ਵਿੱਚ ਵੀ। ਦੋਵਾਂ ਧੜਿਆਂ ਦੇ ਨਜ਼ਦੀਕੀ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੋਵਾਂ ਧੜਿਆਂ ਵਿੱਚ ਵੀ ਅਜਿਹੇ ਮੌਕਾ ਪ੍ਰਸਤ ਬੰਦੇ ਸ਼ਾਮਿਲ ਹਨ। ਜੋ ਹਰ ਸਾਲ ਰੰਗ ਬਦਲਦੇ ਰਹਿੰਦੇ ਹਨ। ਉਨ੍ਹਾਂ ਅਨੁਸਾਰ ਇਹ ਅਸਲ ਵਿੱਚ ਨਾ ਖਾਲਿਸਤਾਨੀ ਹਨ ਅਤੇ ਨਾ ਕਾਂਗਰਸੀ ਸਗੋਂ ਵਪਾਰਕ

ਨੁਕਤੇ ਨੂੰ ਹੀ ਸਾਹਮਣੇ ਰੱਖਦੇ ਹਨ।



ਬੁਖਾਰ ਫਿਰ ਤੋਂ ਸ਼ੁਰੂ

ਜੈਤੋ (ਪਤਰ ਪ੍ਰੇਰਕ)

ਜੈਤੋ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਮਲੇਰੀਆ ਤੇ ਵਾਇਰਲ ਬੁਖਾਰ ਫਿਰ ਤੋਂ ਸ਼ੁਰੂ ਹੋ ਜਾਣ ਦੀ ਸੂਚਨਾ ਮਿਲੀ ਹੈ। ਡਾਕਟਰਾਂ ਦੀਆਂ ਦੁਕਾਨਾਂ 'ਤੇ ਬੁਖਾਰ ਵਾਲੇ ਮਰੀਜ਼ਾਂ ਦੀ ਭੀੜ ਦਿਖਾਈ ਦੇਣੀ ਫਿਰ ਤੋਂ ਸ਼ੁਰੂ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਹਿਰੀ ਤੇ ਪੇਂਡੂ ਇਲਾਕਿਆਂ ਵਿਚ ਅਜੇ ਵੀ ਮੱਛਰ ਹੈ ਜਿਸ ਕਾਰਨ ਇਹ ਬੁਖਾਰ ਮੁੜ ਫੈਲ ਰਿਹਾ ਹੈ। ਲੋਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਮੱਛਰਾਂ ਦੀ ਰੋਕਥਾਮ ਲਈ ਯੋਗ ਪ੍ਰਬੰਧ ਕਰੇ।

ਵਾਜਪਾਈ ਨੇ ਚੌਹਾਨ ਦੀ ਮਦਦ ਕੀਤੀ'

ਨਵੀਂ ਦਿੱਲੀ, (ਯੂ. ਅਨ. ਆਈ.)— ਵਿਦੇਸ਼ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਉਤੇ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਦੇ ਜਨਤਾ ਪਾਰਟੀ ਦੇ ਰਾਜ ਦੌਰਾਨ ਖਾਲਿਸਤਾਨ ਦੇ ਅਖੌਤੀ ਨੇਤਾ ਜਗਜੀਤ ਸਿੰਘ ਚੌਹਾਨ ਦੀ ਮਦਦ ਕੀਤੀ। ਇਹ ਦੋਸ਼ ਕਾਂਗਰਸ (ਆਈ) ਦੇ ਜਨਰਲ ਸਕੱਤਰ ਸ੍ਰੀ ਚਾਂਦ ਰਾਮ ਨੇ ਲਾਇਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਚਾਂਦ ਰਾਮ ਨੇ ਕਿਹਾ ਕਿ ਇਹ ਵਾਜਪਾਈ ਹੀ ਸੀ ਜਿਨ੍ਹਾਂ ਨੇ ਸ੍ਰੀ ਚੌਹਾਨ ਦੀ ਜਲਾਵਤਨੀ ਦੇ ਹੁਕਮ ਰੱਦ ਕੀਤੇ ਅਤੇ ਉਨ੍ਹਾਂ ਨੂੰ ਇਸ ਗੱਲ ਦੀ ਆਗਿਆ ਦਿਤੀ ਕਿ ਉਹ ਭਾਰਤ ਦੀ ਸਰ-ਜ਼ਮੀਨ 'ਤੇ ਆਪਣੇ ਬੰਦਿਆਂ ਨਾਲ ਮੁੜ ਸੰਪਰਕ ਕਰੇ।

ਸ੍ਰੀ ਚਾਂਦ ਰਾਮ ਨੇ ਕਿਹਾ ਕਿ 1971 ਦੀ ਬੰਗਲਾਦੇਸ਼ ਲੜਾਈ ਵਿਚ ਡਾਕਟਰ ਚੌਹਾਨ ਨੇ ਪਾਕਿਸਤਾਨ ਤੋਂ ਭਾਰਤ ਵਿਰੁਧ ਪ੍ਰਚਾਰ ਕੀਤਾ। ਇਸੇ ਲਈ ਕਾਂਗਰਸ (ਆਈ) ਸਰਕਾਰ ਨੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕੱਢਿਆ।

ਕਾਗਜ਼ ਰੱਦ ਹੋਣ ਬਾਰੇ ਜਾਂਚ ਦੀ ਮੰਗ

ਜਲੰਧਰ, (ਵਿਸ਼ੇਸ਼ ਪ੍ਰਤੀਨਿਧ) — ਦਲਿਤ ਮਜ਼ਦੂਰ ਕਿਸਾਨ ਪਾਰਟੀ ਦੀ ਜਲੰਧਰ ਇਕਾਈ ਨੇ ਸੋਨੀਪਤ ਚੋਣ ਹਲਕੇ ਤੋਂ ਚੌਧਰੀ ਚਰਨ ਸਿੰਘ ਦੇ ਨਾਮਜ਼ਦਗੀ ਕਾਗਜ਼ ਤਕਨੀਕੀ ਆਧਾਰ 'ਤੇ ਰੱਦ ਕਰਨ ਬਾਰੇ ਅਦਾਲਤੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ।

ਚਿਟ ਨੰਬਰ ____________
ਪੁਰਾਣਾ ਪਤਾ ____________


____

____

ਨਵਾਂ ਪਤਾ ਸਟਰੀਟ/ਐਵੇਨਿਊ ____________
ਟਾਊਨ ____________
ਸਟੇਟ ____________
ਪੋਸਟਲ ਕੋਡ ____________
ਫੋਨ ਨੰਬਰ ____________

‘ਟੋਪੀ ਦੇ ਮਾਮਲੇ ਉਤੇ ਸਮੁੱਚੀ ਕਮਿਊਨਿਟੀ ਫੈਸਲਾ ਕਰੇ’

- ਸ. ਅਵਤਾਰ ਸਿੰਘ ਤੂਰ



‘ਸਨ’ ਅਖਬਾਰ ਦੇ ਰੀਪੋਰਟਰ ਡੇਵ ਮਾਰਗੋਸ਼ੇਸ ਅਨੁਸਾਰ ਸ. ਅਵਤਾਰ ਸਿੰਘ ਤੂਰ, ਜੋ ਮੈਕੇਂਜ਼ੀ ਵਿੱਚ ਮਿਲ ਵਿੱਚ ਕੰਮ ਕਰਦੇ ਹਨ, ਇਸ ਕਰਕੇ ਕੰਮ ਤੇ ਚਲੇ ਗਏ ਕਿਉਂਕਿ ਉਨ੍ਹਾਂ ਵਿੱਚ ਆਰਥਿਕ ਪਹੁੰਚ ਨਹੀਂ ਸੀ ਅਤੇ ਉਹ ਇਕੱਲੇ ਤੌਰ ਤੇ ਇਹ ਕੇਸ ਲੜਨ ਦੇ ਅਸਮਰਥ ਸਨ । ਯਾਦ ਰਹੇ ਕਿ ਉਨ੍ਹਾਂ ਨੂੰ ਮਿਲ ਕੰਪਨੀ ਨੇ ਇਸ ਕਰਕੇ ਕੰਮ ਤੋਂ ਹਟਾ ਦਿੱਤਾ ਸੀ ਕਿ ਉਨ੍ਹਾਂ ਪੱਗ ਉਪਰ ਹੈਟ ਲੈਣ ਤੋਂ ਇਨਕਾਰ ਕਰ ਦਿੱਤਾ ਸੀ ।


ਅਖਬਾਰ ਵਿੱਚ ਇੰਟਰਵੀਊ ਦੌਰਾਨ ਉਨ੍ਹਾਂ ਕਿਹਾ ਕਿ ਉਹ ਛੇ ਸਾਲ ਉਡੀਕ ਕੇ ਪਿਛਲੇ ਸਾਲ ਕੰਮ ਤੇ ਮੁੜ ਚਲੇ ਗਏ । ਉਨ੍ਹਾਂ ਅਨੁਸਾਰ ‘ਮੈਨੂੰ ਕੰਮ ਤੇ ਮੁੜਨ ਲਈ ਮਜਬੂਰ ਹੋਣਾ ਪਿਆ । ਮੈਂ ਆਪਣਾ ਪ੍ਰਵਾਰ ਵੀ ਪਾਲਣਾ ਸੀ । ਮੈਂ ਵੈਲਫੇਅਰ ਤੇ ਨਹੀਂ ਸੀ ਜਾਣਾ ਚਾਹੁੰਦਾ ।”

ਸ. ਤੂਰ ਅਨੁਸਾਰ ਉਹ ਅਜੇ ਵੀ ਮਹਿਸੂਸ ਕਰਦੇ ਹਨ ਕਿ ਵਰਕਰਜ਼ ਕੰਪਨਸ਼ੇਸ਼ਨ ਦਾ ਇਹ ਕਾਨੂੰਨ ਕਿ ਹੈਟ ਲੈਣੀ ਜ਼ਰੂਰੀ ਹੈ ਸਿੱਖ ਧਰਮ ਦੇ ਲੋਕਾਂ ਨਾਲ ਵਿਤਕਰੇ ਕਰਨ ਵਾਲਾ ਕਾਨੂੰਨ ਹੈ । ਪਰ ਉਨ੍ਹਾਂ ਕਿਹਾ ਕਿ ਉਹ ਵਿਅਕਤੀਗਤ ਤੌਰ ਤੇ ਇਸ ਤੋਂ ਵੱਧ ਨਹੀਂ ਸਨ ਲੜ ਸਕਦੇ । ਇਹ ਮਸਲਾ ਸਾਰੀ ਕਮਿਊਨਿਟੀ ਦੇ ਫੈਸਲੇ ਤੇ ਨਿਰਭਰ ਹੈ ।

ਅਟਵਾ ਵਿੱਚ ਸਿੱਖ ਸੁਸਾਇਟੀਜ਼ ਫੈਡਰੇਸ਼ਨ ਦੇ ਇਕ ਨੁਮਾਇੰਦੇ ਨੇ ਕਿਹਾ ਕਿ ਬੀ. ਸੀ. ਦੇ ਇਸ ਕਾਨੂੰਨ ਵਿਰੁੱਧ ਅਪੀਲ ਬਾਰੇ ਸੋਚਿਆ ਜਾ ਰਿਹਾ ਹੈ । ਇੱਕ ਹੋਰ ਅਜਿਹਾ ਕੇਸ ਅਗਲੇ ਸਾਲ ਸੁਪਰੀਮ ਕੋਰਟ ਵਿੱਚ ਆਉਣ ਵਾਲਾ ਹੈ । ਅਵਤਾਰ ਸਿੰਘ ਤੂਰ ਨੂੰ 1978 ਵਿੱਚ ਵਰਕਰਜ਼ ਕੰਪਨਸੇਸ਼ਨ ਬੋਰਡ ਦੇ ਇਕ ਇਨਸਪੈਕਟਰ ਨੇ ਕਿਹਾ ਸੀ ਕਿ ਹਾਰਡ ਹੈਟ ਥੱਲਿਓਂ ਆਪਣੀ ਪੱਗ ਲਾਹ ਦੇਵੇ ਪਰ ਸਰਦਾਰ ਅਵਤਾਰ ਸਿੰਘ ਤੂਰ ਨੇ ਪੱਗ ਲਾਹੁਣ ਦੀ ਥਾਂ ਹੈਟ ਲਾਹ ਦਿੱਤੀ ।

ਛੇ ਸਾਲ ਫੈਸਲਾ ਉਡੀਕਦਿਆਂ, ਆਖਰ ਤੂਰ ਪਿਛਲੇ ਸਾਲ ਕੰਮ ਤੇ ਮੁੜ ਜਾਣ ਲੱਗ ਗਿਆ ਅਤੇ ਉਸ ਨੇ ਕਾਨੂੰਨ ਅਨੁਸਾਰ ਹਾਰਡ ਹੈਟ ਲਾਉਣੀ ਸ਼ੁਰੂ ਕਰ ਦਿੱਤੀ । ਪਿਛਲੇ ਸਾਲ ਸਪੈਸ਼ਲ ਇਨਕੁਆਰੀ ਬੋਰਡ ਨੇ ਫੈਸਲਾ ਦੇ ਦਿੱਤਾ ਕਿ ਸੁਰੱਖਿਆ ਲਈ ਹੈਟ ਲੈਣੀ ਜ਼ਰੂਰੀ ਹੈ ।

‘ਕੈਨੇਡਾ ਦਰਪਣ’ ਦੇ ਐਡਵਰਟਾਈਜ਼ਿੰਗ ਮੈਨੇਜਰ



ਭਵਖੰਡਨ

ਭਵਖੰਡਨ ਸਿੰਘ ਨੇ ‘ਕੈਨੇਡਾ ਦਰਪਣ’ ਦੇ ਨਵੇਂ ਐਡਵਰਟਾਈਜ਼ਿੰਗ ਮੈਨੇਜਰ ਵਜੋਂ ਕੰਮ ਸੰਭਾਲ ਲਿਆ ਹੈ । ਸਾਡੇ ਪਾਠਕਾਂ ਨੂੰ ਖੁਸ਼ੀ ਹੋਵੇਗੀ ਕਿ ਇਨ੍ਹਾਂ ਦੀ ਮਿਹਨਤ ਸਦਕਾ ‘ਕੈਨੇਡਾ ਦਰਪਣ’ 1 ਜਨਵਰੀ 1985 ਤੋਂ ਮੁੜ ਸਪਤਾਹਿਕ ਰੂਪ ਵਿੱਚ ਛਪਣ ਲੱਗ ਜਾਵੇਗਾ ।

ਭਵਖੰਡਨ ਸਿੰਘ ਕਮਿਊਨਿਟੀ ਵਿੱਚ ਜਾਣਿਆ ਪਛਾਣਿਆ ਨਾਂ ਹੈ । 1974 ਤੋਂ ਉਹ ਕਲਾਕਾਰ ਵਜੋਂ ਡਰਾਮਿਆਂ ਵਿੱਚ ਹਿਸਾ ਪਾਉਂਦੇ ਰਹੇ ਹਨ ਅਤੇ ਟੀ. ਵੀ. ਉਪਰ ਵੀ ਉਨ੍ਹਾਂ ਨੇ ਡਰਾਮਿਆਂ ਵਿੱਚ ਹਿਸਾ ਲਿਆ ਹੈ । 1974 ਵਿੱਚ ‘ਵਤਨੋਂ ਦੂਰ ਆਰਟ ਫਾਊਂਡੇਸ਼ਨ’ ਵੱਲੋਂ ਡਾ. ਹਰਚਰਨ ਸਿੰਘ ਦਾ ਡਰਾਮਾ ‘ਰੱਤਾ ਸਾਲੂ’ ਖੇਡਿਆ ਗਿਆ । ਜਿਸ ਨੂੰ ਯੋਗਰਾਜ ਸੇਡਾ ਨੇ ਡਾਇਰੈਕਟ ਕੀਤਾ ਸੀ । ਜਿਸ ਵਿੱਚ ਭਵਖੰਡਨ ਨੇ ਅਹਿਮ ਰੋਲ ਅਦਾ ਕੀਤਾ । ਯੋਗ ਰਾਜ ਸੇਡਾ ਵੀ ਅੱਜ ਕੱਲ੍ਹ ਪੰਜਾਬੀ ਫਿਲਮਾਂ ਦੇ ਕਾਮਯਾਬ ਡਾਇਰੈਕਟਰ ਹਨ ।

ਵੈਨਕੂਵਰ ਦੇ ਨਾਟਕਕਾਰ ਸ੍ਰੀ ਅਜਮੇਰ ਰੋਡੇ ਦੇ ਲਿਖੇ ਡਰਾਮੇ ‘ਦੂਜਾ ਪਾਸਾ’ ਅਤੇ ‘ਕਾਮਾ ਗਾਟਾ ਮਾਰੂ’ ਵਿੱਚ ਭਵਖੰਡਨ ਨੇ ਵਧੀਆ ਰੋਲ ਕਰਕੇ ਦਰਸ਼ਕਾਂ ਤੋਂ ਪ੍ਰਸ਼ੰਸਾ ਪ੍ਰਾਪਤ ਕੀਤੀ ।

ਭਵਖੰਡਨ ਸਿੰਘ ‘ਵੈਨਕੂਵਰ ਸੱਥ’, ਭਾਰਤੀ ਨਾਟ ਕੇਂਦਰ ਦੇ ਵੀ ਮੈਂਬਰ ਹਨ । ‘ਵੈਨਕੂਵਰ ਸੱਥ’ ਵੱਲੋਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦੇ ਖੇਡੇ ਗਏ ਡਰਾਮੇ ‘ਹਵਾਈ ਗੋਲੇ’ ਵਿੱਚ ਭਵਖੰਡਨ ਦਾ ਅਹਿਮ ਰੋਲ ਸੀ । ਭਵਖੰਡਨ ਸਿੰਘ ਨੇ ਟੀ. ਵੀ. ਤੇ ਡਰਾਮੇ ਵੀ ਖੇਡੇ ਹਨ । ਇੰਡੀਆ ਮਹਿਲਾ ਐਸੋਸੀਏਸ਼ਨ ਵੱਲੋਂ ਸਰੋਜਨੀ ਨਾਇਡੂ ਦੇ ਲਿਖੇ ਸੰਗੀਤਕ ਡਰਾਮੇ ਵਿੱਚ ਵੀ ਭਵਖੰਡਨ ਨੇ ਵਧੀਆ ਅਦਾਕਾਰੀ ਦਾ ਸਬੂਤ ਦਿੱਤਾ ਸੀ ।

ਈਸਟ ਵੈਸਟ ਫਿਲਮ ਪ੍ਰੋਡਕਸ਼ਨ ਦੇ ਇਕ ਫਿਲਮ ਵਿੱਚ ਵੀ ਭਵਖੰਡਨ ਨੇ ਐਕਟਿੰਗ ਦੇ ਜੌਹਰ ਦਿਖਾਏ । ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਇਕ ਫਿਲਮ ਵਿੱਚ ਵੀ ਭਵਖੰਡਨ ਨੇ ਕੰਮ ਕੀਤਾ ਹੈ । ਇਸ ਸਮੇਂ ਇਕ ਵੀਡੀਓ ਫਿਲਮ ਦੀ ਤਿਆਰੀ ਵਿੱਚ ਵੀ ਜੁੱਟੇ ਹੋਏ ਹਨ ।

ਇਸ ਪ੍ਰਤਿਭਾਵਾਨ ਕਲਾਕਾਰ ਦੀਆਂ ਸੇਵਾਵਾਂ ‘ਕੈਨੇਡਾ ਦਰਪਣ’ ਨੂੰ ਮਿਲੀਆਂ ਹਨ ਅਤੇ ਅਸੀਂ ਆਸ ਕਰਦੇ ਹਾਂ ਕਿ ਸਬੰਧਤ ਸੱਜਣ ਇਨ੍ਹਾਂ ਨੂੰ ਸਹਿਯੋਗ ਦੇ ਕੇ ‘ਕੈਨੇਡਾ ਦਰਪਣ’ ਦੇ ਹੋਰ ਰੰਗ ਰੂਪ ਨਿਖਾਰਨ ਵਿੱਚ ਆਪਣਾ ਯੋਗਦਾਨ ਪਾਉਣਗੇ ।

ਭਵਖੰਡਨ ਨੂੰ ਹਰ ਕਿਸਮ ਦੀ ਐਡਵਰਟਾਇਜ਼ਮਿੰਟ ਲਈ ਇਸ ਫੋਨ ਤੇ ਮਿਲਿਆ ਜਾ ਸਕਦਾ ਹੈ: (604) 324-4381

ਐਡਾਂ ਲਈ ਫ਼ੋਨ ਕਰੋ :—

ਭਵਖੰਡਨ - ਫ਼ੋਨ : 324-4381

ਖੱਬੇ ਫਰੰਟ ਉਤੇ ਕੇਂਦਰ ਨੂੰ ਕਮਜ਼ੋਰ ਕਰਨ ਦਾ ਦੋਸ਼

—ਕੇਂਦਰੀ ਵਿਤ ਮੰਤਰੀ ਸ੍ਰੀ ਪ੍ਰਨਾਬ ਮੁਖਰਜੀ ਨੇ ਦੋਸ਼ ਲਾਇਆ ਹੈ ਕਿ ਖਬਾ ਫਰੰਟ ਸਰਕਾਰ ਕੇਂਦਰ ਵਿਚ ਸਥਿਰ ਸਰਕਾਰ ਨਹੀਂ ਵੇਖਣਾ ਚਾਹੁੰਦੀ ਹੈ ਜਿਸ ਕਰ ਕੇ ਉਹ ਵਿਰੋਧੀ ਪਾਰਟੀਆਂ ਦੀ ਹਮਾਇਤ ਕਰ ਰਹੀ ਹੈ ।

ਉਨ੍ਹਾਂ ਕਿਹਾ ਕਿ ਖੱਬੇ ਫਰੰਟ ਦੇ ਹਿੱਸੇ ਦਾਰਾਂ ਵਿਚ ਵੀ ਬੇਚੈਨੀ ਪਾਈ ਜਾ ਰਹੀ ਹੈ ।

ਫ਼ਿਲਮ ਦਰਪਣ

ਬੰਬਈ ਦੀਆਂ ਟੌਪਲੈਸ ਕੰਨਿਆਵਾਂ

ਅੱਜ ਕੱਲ੍ਹ ਬੰਬਈ ਵਿੱਚ 'ਟੌਪ-ਲੈਸ' ਕੰਨਿਆਵਾਂ ਦੀ ਬੜੀ ਚਰਚਾ ਹੈ। ਜਿੰਨ੍ਹਾਂ ਸ਼ਰਧਾਲੂਆਂ ਨੇ ਮਾਤਾ ਕਸਤੂਰਬਾ ਬਣੀ ਰੋਹਣੀ ਹਿਤਾਂਗੜੀ ਅੱਗੇ ਸ਼ਰਧਾ ਨਾਲ ਮਸਤਕ ਨਿਵਾਇਆ ਸੀ ਉਹ ਬੀਬੀ ਰੋਹਣੀ ਹਿਤਾਂਗੜੀ ਦੀਆਂ 'ਟੌਪਲੈਸ' (ਕਮਰ ਤੋਂ ਉਪਰ ਨਿਰਵਸਤਰ) ਫੋਟੋਆਂ ਮੈਗਜ਼ੀਨ ਵਿੱਚ ਛਪੀਆਂ ਦੇਖ ਕੇ ਹੈਰਾਨ ਹੋ ਰਹੇ ਹਨ। ਅਸੀਂ ਵੀ ਹੈਰਾਨ ਸਾਂ ਪਰੇਸ਼ਾਨ ਸਾਂ। ਦ੍ਰਿਸ਼ ਸੀ ਗੋਵਿੰਦ ਨਿਹਲਾਨੀ ਦੀ ਫਿਲਮ 'ਪਾਰਟੀ' ਦਾ। ਇਸ 'ਟੌਪਲੈਸ' ਦ੍ਰਿਸ਼ ਲਈ ਰੋਹਣੀ ਦੇ ਪਤੀ ਜੈਦੇਨ ਨੇ ਵੀ ਸਵੀਕ੍ਰਿਤੀ ਦੇ ਦਿੱਤੀ ਸੀ। ਕਿਉਂਕਿ ਇਹ ਇਕ 'ਫ੍ਰਸਟਰੇਟੇਡ' ਔਰਤ ਦਾ ਰੋਲ ਸੀ ਜੋ 'ਫ੍ਰਸਟਰੇਸ਼ਨ' ਕਾਰਨ ਆਪਣੇ ਸਾਰੇ ਕੱਪੜੇ ਵਗਾਹ ਮਾਰਦੀ ਹੈ। ਕੀ ਦਰਸ਼ਕ ਰੋਹਣੀ ਨੂੰ 'ਟੌਪ ਲੈਸ' ਦੇਖ ਕੇ ਕਸਤੂਰਬਾ ਨੂੰ ਭੁਲ ਜਾਣਗੇ? ਇਹੋ ਦੇਖਣਾ ਹੈ।

ਇਸੇ ਤਰ੍ਹਾਂ ਫਿਲਮ 'ਨਿਰਵਾਣ' (ਮੁਕਤੀ) ਲਈ ਸਾਰਿਕਾ ਨੂੰ 'ਟੌਪਲੈਸ' ਕਰਵਾਇਆ ਸੀ ਜਲਾਲ ਆਗਾ ਨੇ। ਤੇ ਕਹਿੰਦੇ ਹਨ ਕਿ ਇਸ ਦ੍ਰਿਸ਼ ਕਾਰਨ ਮਾਂ ਸ੍ਰੀਮਤੀ ਠਾਕੁਰ ਨੇ ਸਾਰਿਕਾ ਨੂੰ ਘਰੋਂ ਕੱਢ ਦਿੱਤਾ ਸੀ। ਸਾਰਿਕਾ ਇਸ ਨੂੰ ਮਾਂ ਤੋਂ 'ਨਿਰਵਾਣ' ਜਾਂ ਮੁਕਤੀ ਕਹਿੰਦੀ ਹੈ। ਪਰ ਹੁਣ 'ਟੌਪ-ਲੈਸ' ਰੋਲ ਨਾ ਮਿਲਣ ਤਾਂ ਉਹ ਵਿਚਾਰੀ ਕੀ ਕਰੇ। ਫਿਲਮ ਸੈਂਸਰ ਹੋ ਕੇ ਪਈ ਹੈ ਪਰ ਕੋਈ ਚੁੱਕਦਾ ਨਹੀਂ। ਇਸ ਲਈ ਨਾ ਕੋਈ ਸਾਰਿਕਾ ਨੂੰ ਪੁੱਛਦਾ ਹੈ ਨਾ ਸਾਰਿਕਾ ਨੂੰ 'ਟੌਪਲੈਸ' ਕਰਨ ਵਾਲੇ ਅਮੋਲ ਪਾਲੇਕਰ ਨੂੰ।


ਨੀਨਾ ਗੁਪਤਾ ਨੇ ਤਾਂ ਫਿਲਮ 'ਉਤਸਵ' ਵਿੱਚ ਹੱਦ ਹੀ ਕਰ ਦਿੱਤੀ। ਉਹ 'ਟੌਪਲੈਸ' ਹੋ ਕੇ ਸ਼ੰਕਰ ਨਾਗ ਨਾਲ ਏਨਾ ਖੇਡੀ ਹੈ ਕਿ ਸੈਟ ਉਤੇ ਹਾਜ਼ਰ ਲੋਕ ਵੀ ਝੇਪ ਗਏ। ਡਾਇਰੈਕਟਰ ਗਿਰੀਸ਼ ਕਰਨਾਡ ਦਾ ਅਜਿਹਾ ਹੀ ਤਾਂ ਹੁਕਮ ਸੀ। ਫਿਲਮ 'ਮੰਡੀ' ਵਿੱਚ ਵੀ ਨੀਨਾ ਗੁਪਤਾ ਨੇ ਇੱਕ ਬਾਥਰੂਮ ਸੀਨ ਦਿੱਤਾ ਸੀ। ਪਰ ਵਿਚਾਰੀ ਨੂੰ ਫੇਰ ਵੀ ਕੋਈ ਜਿਆਦਾ ਰੋਲ ਨਹੀਂ ਮਿਲ ਸਕੇ, ਰਹੇ।

'ਮੇਰਾ ਜਵਾਬ' ਮੀਨਾਕਸ਼ੀ ਸ਼ੇਸ਼ਾਧਾਰੀ

ਪੇਂਟਰ ਬਾਬੂ ਵਿੱਚ ਸਦਾਚਾਰੀ ਮਨੋਜ ਕੁਮਾਰ ਨਾਲ 'ਹੌਟ ਪੈਂਟ ਪਾਉਣ ਕਰਕੇ ਲੜਨ ਵਾਲੀ ਮੀਨਾਕਸ਼ੀ ਸ਼ੇਸ਼ਾਧਰੀ। 'ਹੀਰੋ' ਵਿੱਚ ਮੋਢੇ ਨੰਗੇ ਕਰਨ ਲਈ ਕਹਿਣ ਤੇ ਵੀ ਭੜਕਣ ਵਾਲੀ ਮੀਨਾਕਸ਼ੀ ਸ਼ੇਸ਼ਧਰੀ। ਪਰ ਫਿਲਮ 'ਹੋਸ਼ਿਆਰ' ਤੇ 'ਮੇਰਾ ਜਵਾਬ' ਵਿੱਚ ਸ੍ਰੀ ਦੇਵੀ ਤੇ ਬਾਬੂ ਨੂੰ ਵੀ ਚੀਰ ਹਰਣ ਦੇ ਮਾਮਲੇ ਵਿੱਚ ਪਿੱਛੇ ਸੁੱਟ ਦੇਣ ਵਾਲੀ ਮੀਨਾਕਸ਼ੀ ਸ਼ੇਸ਼ਾਧਰੀ ਹੁਣ ਰੋਲ ਦੀ ਮੰਗ ਕਾਰਨ ਇਹ ਕਰਨਾ ਮੰਨ ਰਹੀ ਹੈ। ਦਰਅਸਲ ਮੀਨਾਕਸ਼ੀ ਨੂੰ ਸ੍ਰੀ ਦੇਵੀ ਤੋਂ ਖਤਰਾ ਹੈ। ਤੇ ਸ੍ਰੀ ਦੇਵੀ ਕੱਪੜਿਆਂ ਦੇ ਬੰਧਨਾ ਤੋਂ ਮੁਕਤ ਹੋਣ ਲਈ ਸਦਾ ਹੀ ਮੌਕੇ ਲੱਭਦੀ ਹੈ। ਇਸ ਲਈ ਮੀਨਾਕਸ਼ੀ ਵੀ ਸਤੀ ਸਾਵਿਤਰੀ ਦੇ ਚੋਗੇ ਵਿੱਚੋਂ ਬਾਹਰ ਨਿਕਲਣ ਤੇ ਮਜ਼ਬੂਰ ਹੈ। ਤੇ ਇਸ ਨੂੰ ਮਜ਼ਬੂਰ ਕੀਤਾ ਡਾਇਰੈਕਟਰ ਨਾਗੇਸ਼ਵਰਾ ਰਾਓ ਨੇ ਨੈਰੋਬੀ ਵਿੱਚ ਲੱਗੇ 'ਹੋਸ਼ਿਆਰ' ਦੇ ਸੈਟ ਉਤੇ। ਪਰ ਜਦੋਂ ਮੀਨਾਕਸ਼ੀ ਨੇ 'ਹੋਸ਼ਿਆਰ' ਲਈ ਫਿਲਮਾਏ ਆਪਣੇ ਰੂਪ ਦੀ ਫਿਲਮ ਦੇਖੀ ਤਾਂ ਉਸ ਨੂੰ ਆਪਣੇ ਰੂਪ ਨਾਲ ਏਨੀ ਮੁਹੱਬਤ ਹੋਈ ਕਿ ਉਸ ਨੇ ਬਸਤਰਾਂ ਦੇ ਬੰਧਨਾਂ ਨੂੰ ਮੁਕਤੀ ਦੇ ਦਿੱਤੀ। ਅਤੇ ਹੁਣ ਪ੍ਰੋਡਿਊਸਰ ਉਸ ਨੂੰ ਕਿਹੋ ਜਿਹੇ ਵੀ ਬਸਤਰ ਪਹਿਨਾ ਸਕਦੇ ਹਨ।

ਫਿਲਮ 'ਮੇਰਾ ਜਵਾਬ' ਦੀ ਡਬਿੰਗ ਕਰਦਿਆਂ ਮੀਨਾਕਸ਼ੀ ਸਾਨੂੰ ਮਿਲੀ। ਉਹ ਜ਼ੈਕੀ ਸ਼ਰੋਫ ਦੀ ਹੀਰੋਇਨ ਬਣ ਕੇ ਬੜੀ ਖੁਸ਼ ਸੀ। ਮੀਨਾਕਸ਼ੀ ਨੇ ਲੇਖਕ ਡਾਇਰੈਕਟਰ ਰਾਜ ਭਾਰਤ ਨੂੰ ਪੂਰੀ ਖੁਲ੍ਹ ਦੇ ਰੱਖੀ ਸੀ। ਤੇ ਮਦਰਾਸ ਦੇ ਡਾਇਰੈਕਟਰ ਤਾਂ ਵੈਸੇ ਹੀ ਵਧੇਰੇ ਖੁਲ੍ਹ ਲੈਣ ਦੇ ਆਦੀ ਹਨ। ਜਤਿੰਦਰ ਵੀ ਹੁਣ ਇਸ ਚਟਪਟੀ ਮੀਨਾਕਸ਼ੀ ਨੂੰ ਪਸੰਦ ਕਰਨ ਲੱਗ ਪਿਆ ਹੈ। ਵਰਨਾ ਮੀਨਾਕਸ਼ੀ ਦੇ ਦੂਰ ਸੇ ਬਾਤ ਕਰੋ' ਦੇ ਸੁਭਾਅ ਤੋਂ ਥਿੜਕਿਆ ਹੋਇਆ ਸੀ।

ਜੇ ਨਹੀਂ ਹੈ ਤੇਰੇ ਦਿਲ ਵਿਚ ਦਿਲਬਰੀ।
ਨਾਲ ਸਾਡੇ ਕੀ ਕਰੋਗੇ ਦਿਲਲਗੀ।



ਫਿਲਮ 'ਮੇਰਾ ਜਵਾਬ' ਵਿੱਚ ਖੁਲ੍ਹ ਖੇਡਣ ਵਾਲੀ ਮੀਨਾਕਸ਼ੀ ਸ਼ੇਸ਼ਾਧਰੀ ਜ਼ੈਕੀ ਸ਼ਰੋਫ ਨਾਲ।

'ਮੇਰਾ ਜਵਾਬ' ਵਿੱਚ ਹਨ ਜੈਕੀ ਸ਼ਰੋਫ, ਸ਼ਕਤੀ ਕਪੂਰ, ਗੁਲਸ਼ਨ ਗਰੋਵਰ, ਪਰੀਖਸ਼ਿਤ ਸਾਹਨੀ ਤੇ ਕਾਦਰ ਖਾਨ। ਸੰਗੀਤ ਲਕਸ਼ਮੀ ਕਾਂਤ ਪਿਆਰੇ ਲਾਲ ਦਾ ਤੇ ਗੀਤ ਸੰਤੋਸ਼ ਅਨੰਦ ਦੇ। ਡਾਇਲਾਗ 'ਸੂਰ ਦੀ ਖੱਲ ਵਿੱਚ ਸ਼ੈਤਾਨ ਦਾ ਦਿਲ' ਵਾਲੇ ਕਾਦਰ ਖਾਨ ਦੇ। 'ਮੇਰਾ ਜਵਾਬ' ਵੀ 'ਮੇਰੀ ਅਦਾਲਤ' ਤੇ ਦੁਨੀਆਂ ਵਾਲੀ ਤਿੱਕੜੀ ਦੇ ਜ਼ੁਲਮਾਂ ਵਾਂਗ ਬਦਲਾ ਆਪ ਹੀ ਲੈਂਦਾ ਹੈ ਜੈਕੀ ਸ਼ਰੋਫ।

ਅਥਰੂ ਤੇਰਾ ਨਹੀਂ ਹੋਇਆ ਨਸੀਬ,
ਹੈ ਭਟਕਦੀ ਰੂਹ ਪਿਆਰੀ ਫਿਰ ਰਹੀ।

ਪਿਆਸਾ ਚਾਤ੍ਰਿਕ ਬੇਦੀ

ਰਾਜਿੰਦਰ ਸਿੰਘ ਬੇਦੀ ਜ਼ਿੰਦਗੀ ਭਰ ਚਾਤ੍ਰਿਕ ਵਾਂਗ ਪਿਆਸਾ ਹੀ ਰਿਹਾ। ਬੇਦੀ (ਰਾਜਿੰਦਰ ਸਿੰਘ) ਸਦਾ ਯਾਦ ਰਹੇਗਾ ਉਨ੍ਹਾਂ ਬੇਕਾਰਾਂ ਤੇ ਸੰਘਰਸ਼ ਕਰ ਰਹੇ ਬੰਬਈਆਂ ਲੋਕਾਂ ਨੂੰ, ਜਿੰਨ੍ਹਾਂ ਨੇ ਬੇਦੀ ਪਾਸੋਂ ਬਰਾਬਰ ਉਧਾਰ ਮੰਗਿਆ ਤੇ ਕਦੇ ਨਾ ਮੋੜਿਆ। ਜਿੰਨੀ ਦੇਰ ਅਸਫਲ ਰਹੇ ਬੇਦੀ ਉਪਰ ਬੋਝ ਬਣੇ ਰਹੇ। ਪਰ ਜੇ ਸਫਲ ਹੋ ਗਏ ਤਾਂ ਕਦੇ ਵੀ ਬੇਦੀ ਦਾ ਬੋਝ ਨਾ ਉਠਾਇਆ। ਬੇਦੀ ਦਾ ਬੋਝ ਕੀ ਸੀ?

ਦਰਅਸਲ ਬੇਦੀ ਆਪਣੀ ਰੋਟੀ ਜੋਗਾ ਹਮੇਸ਼ਾਂ ਹੀ ਰਿਹਾ ਹੈ। ਉਸ ਨੂੰ ਉਧਾਰ ਜਾਂ ਕਰਜ਼ ਦੀ ਲੋੜ ਕਦੇ ਨਹੀਂ ਪਈ। ਪਰ ਬੇਦੀ ਦੀ ਦਰਿਆ ਦਿਲੀ ਸਦਕੇ ਬੇਦੀ ਦੇ ਪੈਸਿਆਂ ਉਪਰ ਤੋਰਾ ਤੋਰਨ ਵਾਲੇ ਲੋਕ ਚਾਰ ਪੈਸੇ ਆਉਣ ਤੋਂ ਬਾਦ ਬੇਦੀ ਦੀ ਦਰਿਆ ਦਿਲੀ ਨੂੰ ਹੀ ਉਜਾੜਾ ਕਹਿ ਕੇ ਬੇਦੀ ਦਾ ਸਾਥ ਛੱਡ ਜਾਂਦੇ ਹਨ। ਬੇਦੀ ਨੇ ਉਹਨਾਂ ਸਫਲ ਬੰਬਈਆਂ ਪਾਸੋਂ ਆਪਣੇ ਲਈ ਜਾਂ ਆਪਣੇ (ਉਧਾਰ) ਲਹਿਣੇਦਾਰਾਂ ਲਈ ਕਦੇ ਕੁੱਝ ਨਹੀਂ ਸੀ ਮੰਗਿਆ। ਪੁੱਤਰ ਨਰਿੰਦਰ ਬੇਦੀ ਵੀ ਬੇਦੀ ਨਾਲ ਇਸ ਦਰਿਆ ਦਿਲੀ ਕਾਰਨ ਨਾਰਾਜ਼ ਰਿਹਾ।

ਬੇਦੀ ਦੇ (ਉਧਾਰ) ਲਹਿਣੇਦਾਰਾਂ ਦੇ ਅੰਦਾਜ਼ ਵੀ ਕਮਾਲ ਸਨ। ਵਿਜੇ ਅਰੋੜਾ ਉਨੀਂ ਦਿਨੀਂ ਬੇਕਾਰ ਸੀ ਅਤੇ ਬੇਦੀ ਦੀ ਫਿਲਮ 'ਦਸਤਕ' ਹਿਟ ਹੋ ਹੀ ਚੁੱਕੀ ਸੀ। ਕਮਾਈ ਭਾਵੇਂ ਡਿਸਟਰੀਬੀਊਟਰ ਹੀ ਕਰ ਗਏ ਸਨ ਪਰ ਬੇਦੀ ਫੇਰ ਵੀ ਮਾਲਦਾਰ ਮੰਨਿਆ ਜਾਣ ਲੱਗ ਪਿਆ ਸੀ। ਫਾਈਨਾਸਰ ਵੀ ਬੇਦੀ ਦੇ ਸੇਠੀਆ ਸਦਨ ਮਾਟੂੰਗਾ ਦੇ ਚੱਕਰ ਕੱਟਣ ਲੱਗ ਪਏ ਸਨ। ਬੇਕਾਰ ਵਿਜੇ ਅਰੋੜਾ ਵੀ ਬੇਦੀ ਦੇ ਚੱਕਰ ਕੱਟਣ ਲੱਗ ਪਿਆ ਸੀ। ਬੇਦੀ ਨੂੰ ਬੰਗਾਲ ਦੇ ਡਿਸਟਰੀਬੀਊਟਰ ਪਾਸੋਂ ਕੁੱਝ ਬਕਾਇਆ ਮੁੜਨ ਦੀ ਆਸ ਸੀ। ਇਸ ਲਈ ਬੇਦੀ ਦੋ ਚਾਰ ਵਾਰ ਵਿਜੇ ਅਰੋੜਾ ਨੂੰ ਦੁਬਾਰਾ ਆਉਣ ਲਈ ਕਹਿ ਚੁੱਕਿਆ ਸੀ। ਇਸ ਦਿਨ ਅਸੀਂ ਬੇਦੀ ਨਾਲ ਬੈਠੇ ਸਾਂ। ਵਿਜੇ ਅਰੋੜਾ ਆਇਆ ਅਤੇ ਬੇਦੀ ਗਲ ਪੈ ਗਿਆ। "ਇਹ ਕੀ ਮਜ਼ਾਕ ਹੈ ਮੈਂ ਚਾਰ ਚੱਕਰ ਮਾਰ ਚੁੱਕਾ ਹਾਂ। ਤੁਸੀਂ ਕੋਈ ਲੜ ਨਹੀਂ ਪਕੜਾਇਆ ਕੀ ਮੇਰੀ ਕੋਈ ਇੱਜ਼ਤ ਨਹੀਂ।"

ਬੇਦੀ ਨੇ ਖਿਮਾਂ ਮੰਗੀ। ਉਸ ਦੇ ਬਾਰ ਬਾਰ ਚੱਕਰਾਂ ਤੋਂ ਸ਼ਰਮਿੰਦਾ ਹੋਇਆ ਤੇ ਨੋਟਾਂ ਦੀ ਇੱਕ ਗੱਠੀ ਉਸ ਨੂੰ ਫੜਾ ਦਿੱਤੀ ਤੇ ਇਵੇ ਸੁੱਖ ਦਾ ਸਾਹ ਲਿਆ। ਜਿਵੇਂ ਕੋਈ ਪੁਰਾਣਾ ਕਰਜ਼ਾ ਉਤਾਰ ਕੇ ਹਟਿਆ ਹੋਵੇ। ਸਾਨੂੰ ਬਾਅਦ ਵਿੱਚ ਪਤਾ ਲੱਗਾ ਕਿ ਵਿਜੇ ਉਧਾਰ ਦੇਣ ਵਿੱਚ ਦੇਰੀ ਕਰਨ ਕਾਰਨ ਬੇਦੀ ਨੂੰ ਜ਼ਲੀਲ ਕਰ ਰਿਹਾ ਸੀ। ਅਜਿਹੇ ਸੈਂਕੜੇ ਫਿਲਮੀ ਲੋਕ ਬੇਦੀ ਦੇ ਗਲ ਵਿੱਚ ਅੰਗੂਠਾ ਦੇ ਕੇ ਉਧਾਰ ਲੈਂਦੇ ਰਹੇ ਤੇ ਬੇਦੀ ਹਰ ਵਾਰ ਦੇਰ ਲਈ ਸ਼ਰਮਿੰਦਾ ਹੁੰਦਾ ਰਿਹਾ। ਤੇ ਪਿਛਲੇ ਦੋ ਸਾਲ ਤੋਂ ਮੰਜੇ ਨਾਲ ਲੱਗੇ ਬੇਦੀ ਦੀ ਖਬਰ ਅਜਿਹੇ ਲਹਿਣੇਦਾਰਾਂ ਨੇ ਕਦੇ ਨਾ ਲਈ ਪਰ ਬੇਦੀ ਨੂੰ ਇਸ ਦਾ ਅਫਸੋਸ ਕਦੇ ਨਹੀਂ ਹੋਇਆ। ਕਿਉਂਕਿ ਉਸ ਨੇ ਬੰਬਈ ਦੀ ਮਿੱਟੀ ਤੋਂ ਵਫਾ ਦੀ ਆਸ ਕਦੇ ਨਹੀਂ ਸੀ ਕੀਤੀ।

ਪਰ ਬੰਬਈ ਵਿੱਚ ਤੇ ਬੰਬਈ ਤੋਂ ਬਾਹਰ ਸਾਰੇ ਦੇਸ਼ ਵਿੱਚ ਸਾਰੇ ਸੰਸਾਰ ਵਿੱਚ ਲੋਕ ਬੇਦੀ ਦੀ ਬਿਮਾਰੀ ਵੇਲੇ ਪਰੇਸ਼ਾਨ ਹੋਏ ਤੇ ਉਸ ਦੀ ਮੌਤ ਉਤੇ ਰੋ ਵੀ ਰਹੇ ਹਨ। ਪੁੱਤਰ ਨਰਿੰਦਰ ਬੇਦੀ ਦੀ ਅਚਾਨਕ ਤੇ ਅਕਾਲ ਮਿਰਤੂ ਦਾ ਬੇਦੀ ਨੂੰ ਹਮੇਸ਼ਾਂ ਦੁੱਖ ਰਿਹਾ। ਉਸ ਦਾ ਹੋਣਹਾਰ ਪੁੱਤਰ ਪੂਰੀ ਉਮਰ ਹੰਢਾਉਣ ਤੋਂ ਪਹਿਲਾਂ ਹੀ ਚਲਾ ਗਿਆ ਅਤੇ ਗਿਆ ਵੀ ਅਸਫਲਤਾ ਦੇ ਦੌਰ ਵਿੱਚ।

ਬੇਦੀ ਦੀ ਅਖੀਰੀ ਫਿਲਮ 'ਆਖਿਨ ਦੇਖੀ' ਰੇਤ ਵਿਚਲੀ ਜਲਧਾਰਾ ਵਾਂਗ ਦੇਖਦਿਆਂ ਦੇਖਦਿਆਂ ਅਲੋਪ ਹੋ ਗਈ। ਬੇਦੀ ਆਪਣੇ ਨਾਵਲ, ਇੱਕ ਚਾਦਰ 'ਅੱਧੋਰਾਣੀ' ਉਪਰ ਬਣੀ ਫਿਲਮ ਨਾ ਦੇਖ ਸਕਿਆ। ਇਸ ਦਾ ਉਸ ਨੂੰ ਅਫਸੋਸ ਹੀ ਰਿਹਾ। 'ਗੀਤਾ ਬਾਲੀ ਤੇ ਧਰਮਿੰਦਰ ਨੂੰ ਲੈ ਕੇ ਸ਼ੁਰੂ ਹੋਈ ਤਾਂ ਗੀਤਾ ਬਾਲੀ ਤੁਰ ਗਈ। ਫੇਰ ਬਲਰਾਜ ਸਾਹਨੀ ਨੇ ਉਪਰਾਲਾ ਕੀਤਾ ਤਾਂ ਬਲਰਾਜ ਸਾਹਨੀ ਤੁਰ ਗਿਆ। 'ਆਖਿਨ ਦੇਖੀ' ਪੂਰੀ ਨਾ ਹੀ ਹੋਈ।

ਬੇਦੀ ਫਿਲਮੀ ਲੇਖਕ ਨੂੰ ਪੰਜਵਾਂ ਟਾਇਰ ਰਹਿੰਦਾ ਸੀ। ਜਿਸ ਦਾ ਕੰਮ ਸੀ ਚੰਗਾ ਸਕ੍ਰਿਪਟ ਲਿਖ ਕੇ ਦੇਣਾ। ਤੇ ਫੇਰ ਪ੍ਰੋਡਿਊਸਰ, ਡਾਇਰੈਕਟਰ ਤੇ ਸਟਾਰਾਂ ਦੀ ਗੱਡੀ ਤੇਜ਼ ਰਫਤਾਰ-ਨੱਸਣ ਜੋਗੀ ਕਰ ਦੇਣਾ। ਪਰ ਜੇ ਕਿਤੇ ਫਿਲਮ ਪੈਂਚਰ ਹੋ ਜਾਵੇ ਤਾਂ ਦੋਸ਼ ਲੇਖਕ ਉਪਰ।

ਅਸੀਂ ਸਮਝਦੇ ਹਾਂ ਕਿ ਬੇਦੀ ਉਹ ਮਸੀਹਾ ਸੀ ਜੋ ਜਿਹੜਾ ਬੰਬਈ ਦੇ ਰੁਪਿਆ ਦੇ ਵਰ੍ਹਦੇ ਮੀਂਹ ਦੇ ਚੌਮਾਸੇ ਵਿੱਚ ਵੀ ਸਦਾ ਪਿਆਸਾ ਰਿਹਾ। ਉਸ ਨੂੰ ਸਵਾਂਤੀ-ਬੂੰਦ ਨਸੀਬ ਨਾ ਹੋਈ ਤੇ ਰੁਪਿਆਂ ਦਾ ਮੀਂਹ ਉਸ ਦੇ ਕਿਸੇ ਕੰਮ ਦਾ ਨਹੀਂ ਸੀ।

ਟੁੱਟਦੇ ਵਿਆਹ ਦਾ ਇਲਾਜ

□ ਮਿਸਜ਼ ਰਣਬੀਰ ਕੌਰ ਰੰਧਾਵਾ

ਇਹ ਗੱਲ ਆਮ ਘਰਾਂ ਵਿੱਚ ਪਾਈ ਜਾਂਦੀ ਹੈ ਕਿ ਜਦੋਂ ਪਤੀ-ਪਤਨੀ ਦਾ ਝਗੜਾ ਹੋ ਜਾਂਦਾ ਹੈ ਤਾਂ ਉਹ ਆਪਸ ਵਿੱਚ ਬੋਲਣਾ ਬੰਦ ਕਰ ਦਿੰਦੇ ਹਨ। ਪਰ ਅੱਜ ਕੱਲ ਤਾਂ ਛੋਟੀ ਜਿਹੀ ਗੱਲ ਤੋਂ ਹੀ ਲੜ ਕੇ ਵਿਆਹ ਤੋੜਨ ਦੀ ਸੋਚਣ ਲੱਗ ਜਾਂਦੇ ਹਨ। ਕਈ ਵਾਰ ਤਾਂ ਇਸ ਤਰ੍ਹਾਂ ਦੀ ਹਾਲਤ ਆ ਜਾਂਦੀ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਵਿਆਹ ਤੋੜ ਲੈਣਾ ਹੀ ਉਨ੍ਹਾਂ ਲਈ ਚੰਗਾ ਹੈ ਪਰ ਇਹ ਠੀਕ ਨਹੀਂ ਹੈ। ਜੇਕਰ ਉਹ ਸਮਝਦਾਰੀ ਤੋਂ ਕੰਮ ਲੈਣ ਅਤੇ ਸ਼ਾਂਤ ਹੋ ਕੇ ਸੋਚਣ ਤਾਂ ਉਹ ਇਸ ਗੰਭੀਰ ਸਮੱਸਿਆ ਤੋਂ ਬਚ ਸਕਦੇ ਹਨ।

ਵਿਆਹ ਤੋੜਨਾ ਕੋਈ ਠੀਕ ਰੀਤ ਨਹੀਂ ਹੈ। ਪਤੀ ਪਤਨੀ ਦੇ ਸਬੰਧ ਟੁੱਟਣ ਨਾਲ ਘਰ ਟੁੱਟ ਜਾਂਦਾ ਹੈ। ਬੱਚਿਆਂ ਨੂੰ ਉਚਿੱਤ ਪਿਆਰ ਨਹੀਂ ਮਿਲਦਾ, ਕਿਉਂਕਿ ਆਪਣੇ ਘਰਾਂ ਵਿੱਚ ਆਦਮੀ ਹੀ ਪ੍ਰਧਾਨ ਗਿਣਿਆ ਜਾਂਦਾ ਹੈ। ਅੰਤ ਵਿੱਚ ਔਰਤ ਨੂੰ ਹੀ ਮੁਸੀਬਤਾਂ ਦਾ ਟਾਕਰਾ ਕਰਨਾ ਪੈਂਦਾ ਹੈ। ਇਸ ਲਈ ਠੀਕ ਤਾਂ ਇਹ ਹੀ ਹੈ ਕਿ ਇਸ ਹਾਲਤ ਨੂੰ ਸੰਭਾਲਣਾ ਚਾਹੀਦਾ ਹੈ ਤੇ ਟੁੱਟਦੇ ਵਿਆਹ ਨੂੰ ਬਚਾਉਣਾ ਚਾਹੀਦਾ ਹੈ। ਜੇਕਰ ਵਿਆਹ ਤੋਂ ਸੱਤ ਅੱਠ ਸਾਲ ਬਾਅਦ ਹੀ ਜੀਵਨ ਵਿੱਚ ਰਸ ਦੀ ਬਜਾਏ ਖੱਟਾਪਣ ਤੇ ਠੰਢਾਪਣ ਆਉਣ ਲੱਗੇ, ਮਧੁਰ ਰਿਸ਼ਤੇ ਬਦਲਣ ਲਗਣ ਤਾਂ ਸਬੰਧ ਤੋੜਨ ਦੀ ਬਜਾਏ ਸ਼ਾਂਤੀ ਨਾਲ ਬੈਠ ਕੇ ਪਤੀ-ਪਤਨੀ ਨੂੰ ਇਸ ਦਾ ਇਲਾਜ ਸੋਚਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਹਾਲਤ ਵਿੱਚ ਪਤੀ-ਪਤਨੀ ਆਪਣੀ ਸਮੱਸਿਆ ਨੂੰ ਠੀਕ ਢੰਗ ਨਾਲ ਸੋਚਣ, ਕੋਈ ਇਸ ਤਰ੍ਹਾਂ ਦਾ ਹੱਲ ਲੱਭਣ ਜਿਸ ਦੇ ਨਾਲ ਉਨ੍ਹਾਂ ਦਾ ਫਾਇਦਾ ਹੋਵੇ। ਰਿਸ਼ਤੇ ਤੋੜਨ ਬਾਰੇ ਸੋਚਣਾ, ਆਪਣੇ ਆਪ ਨੂੰ ਇਕ ਨਾ ਖਤਮ ਹੋਣ ਵਾਲੇ ਸਿਲਸਿਲੇ ਨੂੰ ਬੁਲਾਵਾ ਦੇਣਾ ਹੈ। ਪਤੀ ਪਤਨੀ ਨੂੰ ਚਾਹੀਦਾ ਹੈ ਕਿ ਉਹ ਛੋਟੇ ਛੋਟੇ ਕੰਮਾਂ ਵਿੱਚ ਇਕ ਦੂਜੇ ਦੀ ਸਲਾਹ ਲੈਣ। ਜਿਸ ਤਰ੍ਹਾਂ ਦੀਵਾਲੀ ਦੇ ਸਮੇਂ ਕਮਰਿਆਂ ਨੂੰ ਰੰਗ ਕਰਵਾਣਾ ਹੈ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਸ ਵਿੱਚ ਸਲਾਹ ਕਰਨ, ਨਾ ਕਿ ਪਤਨੀ ਉਤੇ ਸਾਰੇ ਕੰਮ ਦੀ ਜ਼ਿੰਮੇਵਾਰੀ ਹੋਵੇ। ਉਦਾਸੀ ਛੱਡ ਕੇ ਸੋਚਿਆ ਜਾਵੇ ਕਿ ਘਰ ਦੋਨਾਂ ਦਾ ਹੈ। ਫਿਰ ਘਰ ਵਿੱਚ ਕੰਮ ਦੋਨਾਂ ਦੀ ਸਲਾਹ ਨਾਲ ਹੋਣਾ ਚਾਹੀਦਾ ਹੈ।

ਜਿੰਨੀ ਮਰਜ਼ੀ ਨਾਰਾਜ਼ਗੀ ਹੋਵੇ ਪਰ ਇੱਕ ਦੂਜੇ ਨਾਲ ਨਾ ਬੋਲਣ ਦੀ ਕਸਮ ਕਦੇ ਵੀ ਨਹੀਂ ਖਾਣੀ ਚਾਹੀਦੀ ਹੈ। ਬਹੁਤ ਜ਼ਨਾਨੀਆਂ ਦੀ ਆਦਤ ਹੁੰਦੀ ਹੈ ਕਿ ਉਹ ਪਤੀ ਨਾਲ ਕੁੱਟੀ ਕਰ ਦਿੰਦੀਆਂ ਹਨ। ਜਿੰਨਾ ਚਿਰ ਪਤੀ ਉਨ੍ਹਾਂ ਦੇ ਪਿੱਛੇ ਲੱਗ ਕੇ ਨਾ ਮਨਾਏ, ਉਹ ਮੰਨਦੀਆਂ ਨਹੀਂ। ਪਤਾ ਨਹੀਂ ਉਹ ਕਿਉਂ ਚਾਹੁੰਦੀਆਂ ਹਨ ਕਿ ਉਨ੍ਹਾਂ ਦਾ ਪਤੀ ਉਨ੍ਹਾਂ ਅੱਗੇ ਨੱਕ ਰਗੜੇ, ਮਿੰਨਤਾਂ ਕਰੇ, ਕਸਮਾਂ ਖਾਵੇ, ਮੁਆਫੀ ਮੰਗੇ। ਸ਼ੁਰੂ ਸ਼ੁਰੂ ਵਿੱਚ ਪਤੀ ਇਕ ਅੱਧੀ ਵਾਰ ਮੁਆਫੀ ਮੰਗ ਲੈਂਦਾ ਹੈ। ਪਰ ਜਦੋਂ ਪਤਨੀ ਬਾਰ ਬਾਰ ਇਕ ਗੱਲ ਅਪਨਾਵੇ ਤਾਂ ਆਦਮੀ ਤੰਗ ਹੋ ਜਾਂਦਾ ਹੈ ਇਸ ਲਈ ਜਿੰਨਾ ਮਰਜ਼ੀ ਤਨਾਵ ਹੋ ਜਾਵੇ ਪਰ ਬੋਲ-ਚਾਲ ਬੰਦ ਨਹੀਂ ਕਰਨੀ ਚਾਹੀਦੀ, ਪਹਿਲਾਂ ਵਾਂਗੂੰ ਬੋਲਿਆ ਜਾਵੇ, ਪਤੀ ਕੋਈ ਬੱਚਾ ਤਾਂ ਹੈ ਹੀ ਨਹੀਂ ਜੋ ਗੱਲਾਂ ਨਾ ਸਮਝਦਾ ਹੋਵੇ ਕਿ ਉਸ ਦੀ ਕੀ ਗਲਤੀ ਹੈ ਤੇ ਉਸ ਨੂੰ ਕੀ ਕਰਨਾ ਚਾਹੀਦਾ ਹੈ।

ਪਤੀ ਦੀ ਕੋਈ ਗੱਲ ਲੈ ਕੇ ਮਨ ਵਿੱਚ ਸ਼ੰਕਾ ਨਹੀਂ ਰੱਖਣੀ ਚਾਹੀਦੀ। ਪਤੀ ਦਾ ਘਰ ਵਿੱਚ ਦੇਰ ਨਾਲ ਆਉਣਾ ਮਨ ਨੂੰ ਤੰਗ ਕਰੇ ਤਾਂ ਸ਼ੱਕ ਦੀ ਬਜਾਏ ਪਿਆਰ ਨਾਲ ਕਿਸੇ ਬਹਾਨੇ ਪੁੱਛ ਲੈਣਾ ਚਾਹੀਦਾ ਹੈ ਕਿ ਦਫਤਰ ਵਿੱਚ ਜ਼ਿਆਦਾ ਕੰਮ ਸੀ ਜਾਂ ਕੋਈ ਹੋਰ ਕੰਮ ਸੀ। ਪਤੀ ਨਾਲ ਪਾਸੇ ਪਾਸੇ ਰਹਿਣ ਨਾਲ ਉਸ ਦੀ ਪਰੇਸ਼ਾਨੀ ਵਧਦੀ ਹੈ। ਠੀਕ ਤਾਂ ਇਹ ਹੈ ਕਿ ਮਨ ਦੀ ਘੁੱਟਣ ਕੱਢ ਦੇਣੀ ਚਾਹੀਦੀ ਹੈ।

ਪਤੀ ਦੀ ਹਰ ਗੱਲ ਤੇ ਗੁੱਸਾ ਨਹੀਂ ਕਰਨਾ ਅਤੇ 'ਤੁਸੀਂ ਤਾਂ ਹਮੇਸ਼ਾਂ ਹੀ ਇਦਾਂ ਕਰਦੇ ਹੋ' ਨਹੀਂ ਬੋਲਣਾ ਚਾਹੀਦਾ। ਇਸ ਤਰ੍ਹਾਂ ਪਿਆਰ ਘੱਟਦਾ ਹੈ। ਪਰੇਸ਼ਾਨ ਹੋ ਕਿ ਆਦਮੀ ਉਲਟ ਸੋਚਦਾ ਹੈ।

ਜਿਸ ਆਦਮੀ ਨਾਲ ਇੰਨੇ ਸਾਲ ਬਿਤਾਏ ਹੋਣ, ਸੁੱਖ-ਦੁੱਖ ਨਾਲ ਸਹੇ ਹੋਣ, ਫਿਰ ਇਸ ਤਰ੍ਹਾਂ ਦੀ ਕਿਹੜੀ ਗੱਲ ਹੋ ਗਈ ਕਿ ਸੁੱਖ ਤਾਂ ਭੁੱਲ ਗਏ ਪਰ ਦੁੱਖ ਹੀ ਯਾਦ ਰਹੇ। ਗਲਤੀ ਨਾਲ ਕਿਸਮਤ ਨੂੰ ਨਾ ਦੋਸ਼ ਦੇਵੋ ਅਤੇ ਪਤੀ ਨੂੰ ਤਾਹਨੇ ਨਾ ਦੇਵੋ। ਤਾਹਨੇ ਤਾਂ ਕੋਈ ਵੀ ਪਤੀ ਨਹੀਂ ਸਹਿਣ ਕਰ ਸਕਦਾ ਭਾਵੇਂ ਕੋਈ ਵੀ ਹੋਵੇ ਨਾਲ ਸੌਣ ਦਾ ਮਤਲਬ ਸਿਰਫ ਸਰੀਰਕ ਸੰਪਰਕ ਹੀ ਨਹੀਂ ਹੈ। ਸਗੋਂ ਸਾਰੇ ਦਿਨ ਦਾ ਝਗੜਾ ਸ਼ਿਕਾਇਤਾਂ ਰਾਤ ਨੂੰ ਖਤਮ ਹੋ ਜਾਂਦੀਆਂ ਹਨ। ਪਤੀ ਨੂੰ ਕਦੇ ਵੀ ਆਪਣਾ ਸਿਰਹਾਣਾ, ਬਿਸਤਰਾ ਲੈ ਕੇ ਬਾਹਰ ਨਹੀਂ ਜਾਣਾ ਚਾਹੀਦਾ। ਜਿਸ ਤਰ੍ਹਾਂ 'ਮੈਂ ਪਹਿਲੇ ਕਿਉਂ ਬੋਲਾਂ' ਜਾਂ 'ਭਲਾ ਮੇਰੀ ਕੀ ਗਲਤੀ ਹੈ' ਆਦਿ ਸੋਚਣਾ ਵੀ ਬਹੁਤ ਗਲਤ ਹੈ। ਕੋਈ ਵੀ ਪਹਿਲਾਂ ਬੁਲਾ ਲਵੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਇੱਕ ਦੂਜੇ ਨਾਲ ਜਿੰਨੀ ਮਰਜ਼ੀ ਨਰਾਜ਼ਗੀ ਹੋਵੇ ਪਰ ਹੌਲੀ ਜਿਹੇ ਹੱਥ ਫੜ ਲੈਣ ਨਾਲ, ਹੌਲੀ ਜਿਹੇ ਮੁਸਕਰਾ ਦੇਣ ਨਾਲ ਸੁਖਾਵਾਂ ਮਾਹੌਲ ਮੁੜ ਬਣ ਜਾਂਦਾ ਹੈ।

ਪਰਿਵਾਰ ਵਿੱਚ ਵਿਆਹ ਤੋੜਨਾ ਹੀ ਸਭ ਤੋਂ ਦੁੱਖਦਾਇਕ ਘਟਨਾ ਹੈ। ਇਹ ਸਬੰਧ ਤੋੜਨ ਨਾਲ ਦੁੱਖ ਪਤੀ, ਪਤਨੀ ਤੇ ਬੱਚਿਆਂ ਨੂੰ ਭੋਗਣਾ ਪੈਂਦਾ ਹੈ। ਵਿਆਹ ਦੀ ਗੱਡੀ ਠੀਕ ਢੰਗ ਨਾਲ ਚੱਲੇ, ਇਹ ਕੋਈ ਛੋਟਾ ਜਿਹਾ ਕੰਮ ਨਹੀਂ ਹੈ ਇਸ ਨੂੰ ਸਹਿਜ ਬਣਾਉਣਾ ਪੈਂਦਾ ਹੈ। ਭਾਵੇਂ ਕਿੰਨੀ ਵੀ ਮਿਹਨਤ ਤੇ ਤਿਆਗ ਕਿਉਂ ਨਾ ਕਰਨਾ ਪਵੇ। ਇਹ ਸਿਰਫ ਆਪਣੇ ਲਈ ਨਹੀਂ, ਬੱਚਿਆਂ ਲਈ, ਸਮਾਜ ਤੇ ਪਰਿਵਾਰ ਲਈ ਅਤੇ ਹੋਰ ਲੋਕਾਂ ਲਈ ਵੀ ਜੀਉਣਾ ਪੈਂਦਾ ਹੈ। ਜੇਕਰ ਇਸ ਭਾਵਨਾ ਤੋਂ ਕੰਮ ਲਿਆ ਜਾਵੇ ਤਾਂ ਹੰਕਾਰ ਦੀ ਜਗ੍ਹਾ ਪਿਆਰ ਲੈ ਲਵੇਗਾ। ਇਸਤਰੀ ਪਰਿਵਾਰ ਬਨਾਉਣ ਵਾਲੀ ਹੈ, ਤੋੜਨ ਵਾਲੀ ਨਹੀਂ।

ਪਤੀ ਅਤੇ ਪਤਨੀ ਦੋਨਾਂ ਵਿੱਚ ਇਕ ਦਾ ਹੀ ਤੇਜ਼ ਸੁਭਾਵ ਪਰਿਵਾਰਕ ਜੀਵਨ ਵਿੱਚ ਕਸ਼ਟਮਈ ਹੋ ਜਾਂਦਾ ਹੈ। ਉਹ ਵਾਰ ਵਾਰ ਪਰਿਵਾਰ ਛੱਡਣ ਦੀ ਧਮਕੀ ਦਿੰਦਾ ਹੈ। ਇਸ ਵਿੱਚ ਹਰ ਇਕ ਦਾ ਕੰਮ ਹੈ ਕਿ ਉਹ ਬਿਨਾਂ ਕਾਰਨ ਕਿਸੇ ਭਾਵਨਾ ਦੇ ਵਧਾਉਣ ਦੀ ਬਜਾਏ ਉਸ ਨੂੰ ਆਪਣੇ ਧੀਰਜ ਨਾਲ ਜਾਂ ਹਿੰਮਤ ਨਾਲ, ਹਮਦਰਦੀ ਨਾਲ ਸਮਝਾ ਕੇ ਆਪ ਹੀ ਝੁਕ ਜਾਵੇ। ਜਦੋਂ ਜੀਵਨ ਸਾਥੀ ਪਹਿਲਾਂ ਵਾਂਗ ਹੀ ਹੋ ਜਾਵੇ ਤਾਂ ਉਸ ਨੂੰ ਗਲਤੀ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ। ਉਸ ਨੂੰ ਆਪਣੇ ਆਪ ਸ਼ਰਮ ਆਵੇਗੀ।

ਵਿਆਹ ਦੋ ਜਿੰਦਾਂ ਨੂੰ ਜੋੜ ਕੇ ਪਰਿਵਾਰ ਦੀ ਨੀਂਹ ਰੱਖਦਾ ਹੈ। ਪਰਿਵਾਰ ਵਿੱਚ ਖੱਟਾ, ਮਿੱਠਾ ਚਟਪਟਾ, ਸਾਰਾ ਕੁੱਝ ਚਲਦਾ ਹੈ, ਕਿਉਂਕਿ ਹਰ ਇਕ ਦਾ ਸੁਆਦ ਦਾ ਆਪਣਾ ਆਪਣਾ ਮਹੱਤਵ ਹੈ। ਨਰਾਜ਼ਗੀ ਵੀ ਗੁੱਸਾ ਵੀ ਚੱਲਦਾ ਹੈ ਪਰ ਕਿਸੇ ਸੀਮਾ ਤੱਕ। ਸੋ ਵਿਆਹ ਤੋੜਨ ਦੀ ਬਜਾਏ ਠੰਢੇ ਦਿਮਾਗ ਨਾਲ ਸੋਚ ਸਮਝ ਕੇ ਕੰਮ ਲੈਣਾ ਚਾਹੀਦਾ ਹੈ।

ਕੈਨੇਡਾ ਨਿਵਾਸੀ ਟਰੱਸਟ ਦੇ ਮੈਂਬਰਾਂ ਦੀ ਖੂਨ-ਪਸੀਨੇ ਦੀ ਕਮਾਈ ਖੁਸ਼ਵੰਤ ਸਿੰਘ ਦੇ ਵਿਸਕੀ ਦੇ ਪਿਆਲੇ ਵਿੱਚ ਤੇ

ਜਸਵੰਤ ਸਿੰਘ ਕੰਵਲ ਪਰਵਾਸੀ ਟਰੱਸਟ ਦੇ ਮੈਂਬਰਾਂ ਦੇ ਕਟਹਿਰੇ ਵਿੱਚ!!!

ਮੈਨੂੰ ਬਹੁਤ ਹੀ ਹੈਰਾਨੀ ਹੋਈ ਜਦੋਂ "ਆਰਸੀ" ਵਿੱਚ ਸਾਹਿਤਕ ਜਾਣਕਾਰੀ ਨਾਂ ਥੱਲੇ ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਵੱਲੋਂ ਦੋ ਅਖੌਤੀ ਪੰਜਾਬੀ ਲੇਖਕਾਂ, ਖੁਸ਼ਵੰਤ ਸਿੰਘ ਤੇ ਅਜੀਤ ਕੌਰ ਨੂੰ ਕਰਮਵਾਰ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਇਨਾਮ ਵਾਲਾ ਇਸ਼ਤਿਹਾਰ ਪੜ੍ਹਨ ਦਾ ਮੌਕਾ ਮਿਲਿਆ।

ਮੈਂ ਉਸ ਵੇਲੇ ਘਰ ਨਹੀਂ ਸੀ ਜਦੋਂ ਕੰਵਲ ਹੋਰਾਂ ਦਾ ਫੂਨ ਕੈਲਗਰੀ ਤੋਂ ਵਿਨੀਪੈਗ ਆਇਆ। ਮੈਂ ਐਡਮੈਂਟਨ ਗਿਆ ਹੋਇਆ ਸੀ। ਘਰੋਂ ਐਡਮੈਂਟਨ ਦਾ ਫੋਨ ਲੈ ਕੰਵਲ ਨੇ ਮੈਨੂੰ ਕੈਲਗਰੀ ਤੋਂ ਐਡਮੈਂਟਨ ਫੋਨ ਕੀਤਾ। "ਮੀਆਂ, ਤੂੰ ਕਿੱਥੇ ਆਇਆ ਹੋਇਆ ਹੈਂ, ਭੱਜ ਲੈ ਜਿੱਥੇ ਭੱਜਣਾ, ਅਸੀਂ ਤਾਂ ਲੱਭਣੋਂ ਨਹੀਂ ਛੱਡਦੇ। ਮੈਂ ਸੇਬੂ (ਸੁਖਦੇਵ ਗਿੱਲ) ਦਾ ਫੋਨ ਲੱਭਣ ਦੀ ਕੋਸ਼ਿਸ਼ ਕੀਤੀ ਪਰ ਮੈਨੂੰ ਮਿਲਿਆ ਨਹੀਂ, ਤੇਰਾ ਫੋਨ ਮਿਲ ਗਿਆ ਹੈ। ਮੈਂ ਤੇਰੇ ਸ਼ਹਿਰ ਆ ਰਿਹਾ ਹਾਂ ਤੇ ਤੂੰ ਘਰੋਂ ਬੇਘਰ ਹੋਇਆ ਫਿਰਦਾ ਹੈਂ।" ਮੈਂ ਉਸੇ ਦਿਨ ਐਡਮੈਂਟਨ ਤੋਂ ਵਿਨੀਪੈਗ ਵਾਪਸ ਪਰਤ ਆਇਆ ਸੀ।

ਕੋਈ ਸੰਸਥਾ ਜਾਂ ਟਰੱਸਟ ਉਸ ਦਾ ਆਪਣਾ ਵਿਧਾਨ ਹੁੰਦਾ ਹੈ। ਮੈਨੂੰ ਯਾਦ ਹੈ ਜਦੋਂ ਕੰਵਲ ਹੋਰੀਂ ਮੇਰੇ ਕੋਲ ਆਏ ਤੇ ਮੇਰੇ ਪੁੱਛਣ ਤੇ ਉਨ੍ਹਾਂ ਦੱਸਿਆ। "ਮੈਂ ਵਿਧਾਨ ਦੀ ਕਾਪੀ ਨਾਲ ਤਾਂ ਨਹੀਂ ਲੈ ਕੇ ਆਇਆ। ਵੈਸੇ ਮੋਟੇ ਮੋਟੇ ਅਸੂਲ ਇਹ ਹਨ।" ਉਸ ਵੇਲੇ ਟਰੱਸਟ ਦੇ ਮੈਂਬਰ ਵੀ ਬਣਾਏ ਜਾ ਰਹੇ ਸਨ ਤੇ ਅਸੂਲਾਂ ਸਬੰਧੀ ਗੱਲ ਵੀ ਚਲਦੀ ਰਹੀ ਸੀ। ਕੰਵਲ ਹੋਰਾਂ ਕਿਹਾ, " ਜੋ ਧੰਨ ਇਕੱਠਾ ਹੋ ਰਿਹਾ ਹੈ, ਉਸ ਦੇ ਸਿਰਫ ਵਿਆਜ ਨਾਲ ਇਕ ਸਾਲ ਵਿੱਚ ਦੋ ਸਾਹਿਤਕਾਰਾਂ ਨੂੰ ਇਨਾਮ ਦਿੱਤੇ ਜਾਣਗੇ। ਉਹ ਸਾਹਿਤਕਾਰ ਜੋ ਲੋਕਾਂ ਲਈ ਉਸਾਰੂ ਸਾਹਿਤ ਰਚਣ ਤੇ ਉਨ੍ਹਾਂ ਨੂੰ ਸਰਕਾਰੇ ਦਰਬਾਰੇ ਤੋਂ ਕੋਈ ਇਨਾਮ ਨਾ ਮਿਲਿਆ ਹੋਵੇ। ਗਰੀਬ ਹੋਣ ਕਰਕੇ ਜੋ ਆਪਣੀ ਕਿਤਾਬ ਵੀ ਨਾ ਛਪਵਾ ਸਕਦਾ ਹੋਵੇ। ਉਸੇ ਵਿਆਜ ਵਿੱਚੋਂ ਗਰੀਬ ਅਤੇ ਬੀਮਾਰ ਸਾਹਿਤਕਾਰਾਂ ਦੀ ਇਹ ਟਰੱਸਟ ਮੱਦਦ ਕਰੇਗਾ।"

"ਮੈਂ ਜਾਤੀ ਤੌਰ ਤੇ ਟਰੱਸਟ ਦੇ ਹੱਕ ਵਿੱਚ ਨਹੀਂ ਹਾਂ।" ਇਹ ਗੱਲ ਮੈਂ ਕੰਵਲ ਨੂੰ ਪਹਿਲਾਂ ਹੀ ਸਪੱਸ਼ਟ ਕਰ ਦਿੱਤੀ ਸੀ। ਪਰ ਜਾਪਦਾ ਇੰਝ ਸੀ ਕਿ ਕੰਵਲ ਟਰੱਸਟ ਦੇ ਅਸੂਲਾਂ ਤੇ ਚੋਣ-ਕਮੇਟੀ ਸਬੰਧੀ ਗੱਲ ਹਮੇਸ਼ਾਂ ਅੰਧੇਰੇ ਵਿੱਚ ਹੀ ਰੱਖਦੇ ਰਹੇ ਹਨ। ਆਓ ਕੰਵਲ ਦੇ ਅਸੂਲਾਂ ਨੂੰ ਜੋ ਉਨ੍ਹਾਂ ਨੇ ਸਾਨੂੰ ਮੋਟੇ ਮੋਟੇ ਦੱਸੇ ਹਨ ਉਨ੍ਹਾਂ ਨੂੰ ਮੁੱਖ ਰੱਖ ਕੇ ਜੋ ਢੁੱਡੀ ਕੇ ਟਰੱਸਟ ਨੇ ਪਹਿਲਾਂ ਪੁਰਸਕਾਰ ਦਿੱਤੇ ਹਨ ਉਨ੍ਹਾਂ ਸਾਹਿਤਕਾਰਾਂ ਪ੍ਰਤੀ ਗੱਲ ਕਰੀਏ, ਉਹ ਕੌਣ ਸਨ? ਉਹ ਸਨ ਸੰਤ ਰਾਮ ਉਦਾਸੀ, ਭਾ ਜੀ ਗੁਰਸ਼ਰਨ ਸਿੰਘ, ਸੰਤੋਖ ਸਿੰਘ ਧੀਰ, ਪਿਆਰਾ ਸਿੰਘ ਸਹਿਰਾਈ ਤੇ ਸੁਰਜੀਤ ਰਾਮਪੁਰੀ। ਜਦੋਂ ਪੁਰਸਕਾਰੇ ਜਾ ਚੁੱਕੇ ਉਪਰਲੇ ਸਾਹਿਤਕਾਰਾਂ ਨੂੰ ਇਨਾਮ ਢੁੱਡੀਕੇ ਟਰੱਸਟ ਨੇ ਦਿੱਤੇ, ਕਿਸੇ ਵੀ ਸੁਹਿਰਦ ਪਾਠਕ ਨੇ ਕਿੰਤੂ ਨਹੀਂ ਕੀਤਾ, ਸਗੋਂ ਟਰੱਸਟ ਦਾ ਸਲਾਹੁਣ ਯੋਗ ਉਪਰਾਲਾ ਦੱਸਿਆ।

ਕਾਫੀ ਹਾਊਸ ਤੇ ਦਿੱਲੀ ਦੇ ਸ਼ਰਾਬਖਾਨਿਆਂ ਵਿੱਚ ਬੈਠਕੇ ਪੰਜਾਬ ਤੇ ਪੰਜਾਬੀ ਸਾਹਿਤ ਦੀ ਗੱਲ ਕਰਨ ਵਾਲੇ ਓਪਰੇ ਓਪਰੇ ਨਹੀਂ ਜਾਪਣਗੇ ਤੇ ਕੀ ਜਾਪਣਗੇ? ਉਸਾਰੂ ਤੇ ਲੋਕ ਸਾਹਿਤਕਾਰ ਉਹ ਹੀ ਹੈ ਜਿਹੜਾ ਲੋਕਾਂ ਦੇ ਰੋਮ ਰੋਮ ਨੂੰ ਪਛਾਣ ਸਕਦਾ ਹੋਵੇ, ਤਦ ਹੀ ਉਹ ਲੋਕਾਂ ਦੀ ਗੱਲ ਕਰਦਾ ਹੈ। ਜਦੋਂ ਟਰੱਸਟ ਨੇ ਬਾਵਾ ਬਲਵੰਤ ਵਾਲਾ ਇਨਾਮ ਖੁਸ਼ਵੰਤ ਸਿੰਘ ਨੂੰ ਦੇਣ ਦਾ ਫੈਸਲਾ ਕਰਕੇ ਇਸ ਤੋਂ ਵੱਧ ਮਜ਼ਾਕ ਬਾਵਾ ਜੀ ਨਾਲ ਹੋਰ ਕੀ ਹੋ ਸਕਦਾ ਹੈ। ਜੋ ਸਾਰੀ ਉਮਰ ਗਰੀਬੀ ਦੀ ਹਾਲਤ ਵਿੱਚ ਰਹਿੰਦਾ ਹੋਇਆ ਵੀ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਉਸਾਰੂ ਰਚਨਾਵਾਂ ਨਾਲ ਪ੍ਰਫੁੱਲਤ ਕਰਦਾ ਰਿਹਾ ਹੋਵੇ।

ਦੂਸਰੇ ਪਾਸੇ ਧਨੀ ਖੁਸ਼ਵੰਤ ਸਿੰਘ ਸਾਰੇ ਕਨਾਟ ਪਲੇਸ ਦਾ ਮਾਲਕ, ਜਿਸ ਨੇ ਜਨ-ਸਧਾਰਨ ਨਾਲ ਕਦੇ ਵੀ ਦੋ ਪਲ ਨਾ ਗੁਜ਼ਾਰੇ ਹੋਣ। ਇਸ ਤੋਂ ਉਪਰੰਤ ਪੰਜਾਬੀ ਵਿੱਚ ਇਕ ਰਚਨਾ ਵੀ ਨਾ ਰਚੀ ਹੋਵੇ। ਇਹ ਕਹਿਰ ਕੀ ਢਹਿ ਗਿਆ, ਕੰਵਲ ਜੀ?

ਕੰਵਲ ਨੇ ਮੋਟੇ ਮੋਟੇ ਦੱਸੇ ਅਸੂਲ ਕਤਲ ਕਰਕੇ ਖੁਸ਼ਵੰਤ ਸਿੰਘ ਦੀ ਝੋਲੀ ਪਾ ਦਿੱਤੇ। ਜਾਪਦਾ ਹੈ ਕਿ ਕੰਵਲ ਹੋਰਾਂ ਨੇ ਅਖੌਤੀ ਸਮਾਜਵਾਦੀ ਸਾਹਿਤਕਾਰ ਵਾਲਾ ਮਖੌਟਾ ਉਤਾਰ ਦਿੱਤਾ ਹੈ। ਆਪਣੀ ਅਸਲੀ ਭੇਸ ਵਿੱਚ ਆ ਕੇ ਅਮੀਰਾਂ ਦੀ ਜਮਾਤ ਦੀ ਕਤਾਰ ਵਿੱਚ ਆਪਣੇ ਆਪ ਨੂੰ ਜਾ ਖੜ੍ਹਾ ਕੀਤਾ ਹੈ।

ਕਾਫੀ ਹਾਊਸ ਦਾ ਦੂਸਰਾ ਸਾਹਿਤਕ ਸ਼ਿੰਗਾਰ ਹੈ, ਅਜੀਤ ਕੌਰ। ਜਿਸ ਨੂੰ ਦਿੱਤਾ ਜਾ ਰਿਹਾ ਬਲਰਾਜ ਸਾਹਨੀ ਇਨਾਮ। ਮੈਂ ਬਲਰਾਜ ਪ੍ਰਤੀ ਇੰਨ੍ਹਾਂ ਹੀ ਕਹਾਂਗਾ ਕਿ ਉਸ ਨੇ ਹੁੰਦੀ ਫਿਲਮ ਇੰਡਸਟਰੀ ਵਿੱਚ ਆਪਣੀ ਪੰਜਾਬੀ ਮਾਂ-ਬੋਲੀ ਦੀ ਬੇਇੱਜ਼ਤੀ ਨਾ ਸਹਾਰਦੇ ਹੋਏ ਦੂਸਰੇ ਮਿੱਤਰਾਂ ਦਾਰਾ ਸਿੰਘ ਤੇ ਪ੍ਰਿਥਵੀ ਰਾਜ ਕਪੂਰ ਨਾਲ ਮਿਲ ਕੇ ਇੱਕ ਸੰਸਥਾ ਬਣਾਈ ਜਿਸ ਦਾ ਮਨੋਰਥ ਸੀ ਪੰਜਾਬੀ ਦੀਆਂ ਫਿਲਮਾਂ ਵਿੱਚ ਚੰਗਾਪਣ ਤੇ ਉਸਾਰੂਪੁਣਾ ਲਿਆਉਣ ਲਈ ਪੂਰਾ ਟਿਲ ਲਾਉਣਾ। ਉਨ੍ਹਾਂ ਪੰਜਾਬੀ ਦੀਆਂ ਸਾਰੀਆਂ ਫਿਲਮਾਂ ਵਿੱਚ ਮੁਫਤ ਕੰਮ ਕਰਨ ਲਈ ਇਕ ਨਵੀਂ ਪਿਰਤ ਪਾਈ। ਬਲਰਾਜ ਦੀਆਂ ਪੰਜਾਬੀ ਰਚਨਾਵਾਂ ਤੋਂ ਉਪਰੰਤ ਜੋ ਜੀਵਨ ਉਹ ਜੀਵਿਆ ਇਕ ਸਮਾਜਵਾਦੀ ਸਾਹਿਤਕਾਰ ਤੇ ਸਮਾਜਵਾਦੀ ਕਲਾਕਾਰ ਦੇ ਨਾਂ ਨਾਲ ਹਮੇਸ਼ਾ ਯਾਦ ਕੀਤਾ ਜਾਵੇਗਾ।

ਕੰਵਲ ਦੇ ਟਰੱਸਟ ਦੇ ਅਸੂਲਾਂ ਅਨੁਸਾਰ ਇਨਾਮ ਮਿਲ ਰਿਹਾ ਹੈ, ਅਜੀਤ ਕੌਰ ਨੂੰ ਜਿਸ ਨੇ ਪੰਜਾਬੀ ਸਾਹਿਤ ਨੂੰ ਅਸ਼ਲੀਲਤਾ ਨਾਲ ਭਰਨ ਦਾ ਕੰਮ ਕੀਤਾ ਹੋਵੇ। ਜਿਸ ਦੀ ਜਿੰਦਾ ਮਿਸਾਲ ਹੈ "ਪੰਜ ਰੁਪਏ ਵਾਲੇ ਕੰਮ" ਵਰਗੀਆਂ ਕਹਾਣੀਆਂ ਲਿਖਣ ਵਾਲੀ ਨੂੰ ਬਲਰਾਜ ਸਾਹਨੀ ਇਨਾਮ? ਕੰਵਲ ਜੀ! ਇਹੋ ਹੀ ਤੁਹਾਡੇ ਟਰੱਸਟ ਦੇ ਅਸੂਲ ਹਨ ਜਿੰਨ੍ਹਾਂ ਤੇ ਦੂਸਰਾ ਨਾਂ ਟਰੱਸਟ ਦੀ ਪ੍ਰਣਾਲੀ ਅਨੁਸਾਰ ਅਜੀਤ ਕੌਰ ਦਾ ਹੀ ਆਉਂਦਾ ਹੈ?

ਕੈਨੇਡਾ ਨਿਵਾਸੀਆਂ ਨੇ ਜਿੰਨ੍ਹਾਂ ਟਰੱਸਟ ਲਈ ਪੈਸੇ ਦਿੱਤੇ ਹਨ ਉਹ ਵਧੇਰੇ ਗਿਣਤੀ ਵਿੱਚ ਲੋਹਾ ਕੁੱਟ ਤੇ ਹੋਰ ਖੂਨ ਪਸੀਨੇ ਦੀ ਕਮਾਈ ਕਰਨ ਵਾਲੇ ਆਉਂਦੇ ਹਨ। ਇੱਥੇ ਰਹਿੰਦੇ ਸਭ ਢੁੱਡੀਕੇ ਟਰੱਸਟ ਦੇ ਮੈਂਬਰ ਮੰਗ ਕਰਦੇ ਹਨ ਕਿ ਤੁਸੀਂ ਅਸਾਨੂੰ ਟਰੱਸਟ ਦਾ ਵਿਧਾਨ ਤੇ ਚੋਣ ਕਮੇਟੀਆਂ ਦੇ ਮੈਂਬਰਾਂ ਦੇ ਨਾਂ ਤੇ ਸਾਹਿਤਕਾਰਾਂ ਨੂੰ ਇਨਾਮ ਚੁਨਣ ਦਾ ਕੀ ਪੈਮਾਨਾ ਹੈ ਤੇ ਹੁਣ ਤੀਕ ਟਰੱਸਟ ਕੋਲ ਕਿੰਨਾ ਪੈਸਾ ਹੈ। ਇਸ ਸਭ ਦੀ ਇਕ ਰਿਪੋਰਟ ਬਣਾ ਕੇ ਜਲਦੀ ਕੈਨੇਡਾ ਭੇਜਣਾ ਤਾਂ ਕਿ ਅਸੀਂ ਸਭ ਮੈਂਬਰਾਂ ਨੂੰ ਤਸੱਲੀ ਕਰਵਾ ਸਕੀਏ।

ਜਿੰਨ੍ਹਾਂ ਸਾਹਿਤਕਾਰਾਂ ਨੇ ਸਾਹਿਤਕ ਪੇਪਰਾਂ ਨੇ ਪੰਜਾਬ ਦੀ ਸਥਿਤੀ ਨੂੰ ਆਪਣੀਆਂ ਸਾਹਿਤਕ ਰਚਨਾਵਾਂ ਰਾਹੀਂ ਤੱਥਾਂ ਲਾਲ ਠੀਕ ਨਿਰਣੇ ਕਰਕੇ ਉਸਾਰੂ ਤੇ ਸਮਾਜਵਾਦੀ ਸਾਹਿਤ ਲੋਕਾਂ ਤੀਕ ਲੈ ਕੇ ਗਏ ਹਨ, ਉਹ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਵੱਲ ਟਰੱਸਟ ਦੇ ਚੋਣ-ਕਮੇਟੀ ਦੇ ਮੈਂਬਰਾਂ ਦੀ ਤੀਸਰੀ ਅੱਖ ਵਿੱਚ ਟੀਰ ਕਿਉਂ ਪੈ ਗਿਆ ਹੈ?

ਜੋ ਲੋਕ-ਸਾਹਿਤਕਾਰ ਤੇ ਲੋਕ ਸਾਹਿਤਕ ਪਰਚੇ ਨਿਰਪੱਖ ਤੇ ਉਸਾਰੂ ਸਾਹਿਤਕ ਰਚਨਾਵਾਂ ਰਚ ਕੇ ਛਾਪਦੇ ਆ ਰਹੇ ਹਨ, ਉਹ ਕੰਵਲ ਵਰਗੇ ਅਖੌਤੀ ਸਮਾਜਵਾਦੀ ਸਾਹਿਤਕਾਰ ਦਾ ਭਾਂਡਾ ਚੁਰਾਹੇ ਭੰਨਦੇ ਆ ਰਹੇ ਹਨ ਤੇ ਭੰਨਣਗੇ ਵੀ।

ਕੈਨੇਡਾ ਨਿਵਾਸੀਆਂ ਨੇ ਜੋ ਪੈਸਾ ਆਪਣੀ ਖੂਨ-ਪਸੀਨੇ ਦੀ ਕਮਾਈ ਵਿੱਚੋਂ ਟਰੱਸਟ ਲਈ ਦਿੱਤਾ ਸੀ ਉਸ ਦਾ ਮੂਲ ਮੰਤਵ ਇਹੋ ਹੀ ਸੀ ਕਿ ਉਹ ਸਾਹਿੱਤਕਾਰ ਜੋ ਲੋਕਾਂ ਦੀ ਗੱਲ ਕਰਦੇ ਹਨ ਤੇ ਲੋਕ-ਉਸਾਰੂ ਰਚਨਾ ਰਚਦੇ ਹਨ ਉਹੋ ਹੀ ਹੱਕਦਾਰ ਹਨ। ਬਲਰਾਜ ਤੇ ਬਾਵਾ ਜੀ ਦਾ ਇਨਾਮ ਲੈਣ ਦੇ ਨਾਂ ਕਿ ਖੁਸ਼ਵੰਤ ਸਿੰਘ ਤੇ ਅਜੀਤ ਕੌਰ ਵਰਗੇ। ਟਰੱਸਟ ਦੀ ਪਾਈ ਨਵੀਂ ਪਿਰਤ ਦਾ ਇਹ ਸਿਹਰਾ ਕੰਵਲ ਤੇਰੇ ਸਿਰ ਤੇ ਹੀ ਸੱਜ ਸਕਦਾ ਹੈ।

ਬਾਵਾ ਬਲਵੰਤ ਨੂੰ ਖੁਸ਼ਵੰਤ ਸਿੰਘ ਨਾਲ ਖੜਾ ਕਰਕੇ ਕੰਵਲ! ਕੀ ਤੁਸੀਂ ਅਨਰਥ ਨਹੀਂ ਕਰ ਰਹੇ? ਇਹੋ ਹੀ ਤੁਹਾਡਾ ਸਮਾਜਵਾਦੀ ਆਦਰਸ਼ ਰਿਹਾ ਹੈ ਹੁਣ ਤੀਕ ਜਿਸ ਨੂੰ ਲੱਖਾਂ ਪਾਠਕਾਂ ਨੇ ਤੁਹਾਨੂੰ ਸਮਝਣ ਵਿੱਚ ਐਨੀ ਦੇਰ ਕਿਉਂ ਕੀਤੀ?

ਉਨ੍ਹਾਂ ਲੋਕ-ਸਾਹਿਤਕਾਰਾਂ ਤੇ ਕੀ ਬੀਤੇਗੀ ਜਿੰਨ੍ਹਾਂ ਨੂੰ ਢੁੱਡੀ ਕੇ ਟਰੱਸਟ ਪਹਿਲਾਂ ਹੀ ਪੁਰਸਕਾਰ ਦੇ ਚੁੱਕਾ ਹੈ। ਕੰਵਲ ਜੀ! ਤੁਸੀਂ ਅਜੀਤ ਕੌਰ ਤੇ ਖੁਸ਼ਵੰਤ ਸਿੰਘ ਹੋਰਾਂ ਨੂੰ ਸਤਿਕਾਰੇ ਜਾ ਚੁੱਕੇ ਸਮਾਜਵਾਦੀ ਸਾਹਿੱਤਕਾਰਾਂ ਨਾਲ ਕਿਵੇਂ ਬਰਾਬਰ ਖੜਾਉਣ ਦਾ ਹੀਆ ਕੀਤਾ? ਤੁਸੀਂ ਟਰੱਸਟ ਦੇ ਮੈਂਬਰਾਂ ਸਾਹਮਣੇ ਜਵਾਬ ਦੇਹ ਹੋ ਤੇ ਨਾਲੇ ਕਿੱਥੇ ਗਿਆ ਪਰਣਾਏ ਗਏ ਟਰੱਸਟ ਦੇ ਅਸੂਲਾਂ ਦਾ ਤਰਾਜ਼ੂ?

ਮੈਂ ਪੁਰਸਕਾਰੇ ਜਾ ਚੁੱਕੇ ਸਾਹਿਤਕਾਰਾਂ ਤੋਂ ਉਨ੍ਹਾਂ ਦਾ ਪ੍ਰਤੀਕਰਮ ਪੁੱਛਣ ਲਈ ਅਰਜੋਈ ਕਰਦਾ ਹਾਂ ਕਿ ਉਹ ਕਿੰਨਾ ਕੁ ਜਾਤੀ ਤੌਰ ਤੇ ਸੁਖਾਲਾ ਅਨੁਭਵ ਕਰਨਗੇ ਜਦੋਂ ਉਨ੍ਹਾਂ ਨੂੰ ਖੁਸ਼ਵੰਤ ਸਿੰਘ ਤੇ ਅਜੀਤ ਕੌਰ ਦੀ ਸਫ ਵਿੱਚ ਖੜ੍ਹਨਾ ਪਿਆ? ਅਸੀਂ ਕੈਨੇਡਾ ਵਿੱਚ ਰਹਿੰਦੇ ਟਰੱਸਟ ਦੇ ਮੈਂਬਰ ਕੰਵਲ ਤੇ ਕਿੰਤੂ ਕਰਦੇ ਹਾਂ ਕਿ ਜੋ ਪਰਨਾਲੀ ਟਰੱਸਟ ਦੀ ਚੋਣ ਕਮੇਟੀ ਨੇ ਵਰਤੀ ਹੈ ਉਸ ਵਿੱਚ ਬਾਂਦਰ-ਵੰਡ ਕਿਉਂ? ਸੋ ਕੰਵਲ ਜੀ! ਟਰੱਸਟ ਦੇ ਫੈਸਲੇ ਤੇ ਦੁਵਾਰਾ ਗੌਰ ਕਰੋ, ਜ਼ਿਦ ਨੂੰ ਛਿੱਕੇ ਟੰਗ ਕੇ, ਨਹੀਂ ਤਾਂ ਟਰੱਸਟ ਦਾਣਾ ਮੰਡੀ ਦੇ ਆੜਤੀਏ ਵਿੱਚ ਬਦਲ ਜਾਵੇਗਾ।

ਭਲੇ ਕਿਤੇ ਕੈਨੇਡਾ ਨਿਵਾਸੀ ਟਰੱਸਟ ਦੇ ਮੈਂਬਰਾਂ ਦੀ ਖੂਨ-ਪਸੀਨੇ ਦੀ ਕਮਾਈ ਦਾ ਕਤਰਾ ਕਤਰਾ ਖੁਸ਼ਵੰਤ ਸਿੰਘ ਦੇ ਵਿਸਕੀ ਦੇ ਪਿਆਲੇ ਵਿੱਚ ਦਮ ਘੁੱਟ ਕੇ ਮਰ ਹੀ ਨਾਂ ਜਾਵੇ।

ਸਤਿਕਾਰ ਨਾਲ

ਵਿਨੀਪੈਗ, ਕੈਨੇਡਾ। ਯੁਵਰਾਜ ਸਿੰਘ ਰਤਨ